1920 ਤੋਂ

ਜਿਲਦ 104
ਨੰਬਰ 10

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੩ ਤੋਂ ੧੭ ਹਾੜ ੨੦੮੧ ਬਿ.
15 to 30 June 2024

# ਸਤਿ

# ਜੁਗ


10/-

# ਸ੍ਰੀ ਸਤਿਗੁਰੂ ਜੀ ਦੇ ਅਮਰੀਕਾ ਦੌਰੇ ਦੀਆਂ ਝਲਕੀਆਂ



# ਸਤਿਜੁਗ

ਙ ਤੋਂ ੧੭ ਹਾੜ ੨੦੮੧ ਬਿ.
15 ਤੋਂ 30 ਜੂਨ 2024 ਈ.
ਜਿਲਦ 104, ਨੰਬਰ 10



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ......4
* ਗੁਰਬਾਣੀ ਵਿਆਖਿਆ......6
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ......8
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ......8
* ਸੰਤ ਅਤੇ ਪਾਪੀ
  ਗੁਰੂਬਚਨ ਸਿੰਘ ਨਾਮਧਾਰੀ......9
* ਪੰਜਾਬ ਵਿੱਚ ਆਜ਼ਾਦੀ ਲਹਿਰ ਅਤੇ ਸਿੱਖ ਸ਼ਹਾਦਤ ਦੀ ਪਰੰਪਰਾ
  ਡਾ. ਜਸਪਾਲ ਕੌਰ ਧੰਜੂ......14
* ਜ਼ਿਮੀਂਦਾਰੀ ਨਿਜ਼ਾਮ ਨੂੰ ਖੰਡੇ ਦੇ ਜ਼ੋਰ ਨਾਲ ਉਖਾੜਨ ਵਾਲਾ ਜਰਨੈਲ
  ਖਲੀਲ ਖਾਨ......25
* ਬੁਲਗਾਰੀਆ ਵਿਖੇ ਸਤਿਗੁਰੂ ਉਦੇ ਸਿੰਘ ਜੀ ਦੇ ਕੌਤਕ
  ਹਰਪਾਲ ਸਿੰਘ ਸੋਧੀ......26
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ......29
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ......32
* Have smartphones created an 'anxious generation? Jonathan Haidt sounds the alarm
  Hugh Breakey......35
* Beyond spirituality: The role of Meditation in Mental Health
  Jonathan Krygier......39
* ਕਾਵਿ-ਕਿਆਰੀ......41
* ਬੱਚਿਆਂ ਦਾ ਪੰਨਾ......42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


# ਸੰਪਾਦਕੀ

ਲੋਕ ਸਭਾ ਚੋਣਾਂ ਦਾ ਬੁਖਾਰ ਪੂਰੇ ਭਾਰਤ ਭਰ ਵਿੱਚ ਵੇਖਿਆ ਜਾ ਸਕਦਾ ਹੈ। ਹਰ ਇੱਕ ਖਿੱਤੇ ਦੇ ਲੋਕਾਂ ਦੀ ਆਪਣੇ-ਆਪਣੇ ਲੀਡਰਾਂ ਲਈ ਦਿਲਚਸਪੀ ਵੇਖਣ ਯੋਗ ਹੈ। ਪਰ ਪੰਜਾਬ ਦੀ ਰਾਜਨੀਤੀ ਹਮੇਸ਼ਾਂ ਦੀ ਤਰ੍ਹਾਂ ਹੀ ਬਾਕੀ ਭਾਰਤ ਦੀ ਰਾਜਨੀਤੀ ਤੋਂ ਵੱਖਰੀ ਰਹੀ ਹੈ।ਪੰਜਾਬ ਦੇ ਲੋਕ ਹਮੇਸ਼ਾਂ ਬਦਲਾਅ ਵੱਲ ਖੜ੍ਹੇ ਹੋਏ ਹਨ। ਉਹਨਾਂ ਰਵਾਇਤੀ ਪਾਰਟੀਆਂ ਅਤੇ ਰਵਾਇਤੀ ਲੀਡਰਾਂ ਨੂੰ ਨਾਕਾਰ ਕੇ ਹਮੇਸ਼ਾਂ ਬਦਲਾਅ ਦੀ ਗੱਲ ਕਰਨ ਵਾਲੀਆਂ ਪਾਰਟੀਆਂ ਅਤੇ ਲੀਡਰਾਂ ਦਾ ਪੱਲਾ ਫੜਿਆ ਹੈ। ਆਮ ਆਦਮੀ ਪਾਰਟੀ ਦਾ ਪਹਿਲੀ ਵਾਰ ਪੰਜਾਬ ਦੀ ਰਾਜਨੀਤੀ ਵਿੱਚ ਕਾਬਜ਼ ਹੋਣਾ ਪੰਜਾਬ ਦੇ ਸਾਰਥਕ ਬਦਲਾਅ ਅਤੇ ਪੰਜਾਬ ਦੀ ਖੁਸ਼ਹਾਲੀ ਪ੍ਰਤੀ ਪੰਜਾਬੀਆਂ ਦੀ ਜ਼ਿੰਦਾਦਿਲੀ ਦੀ ਨਿਸ਼ਾਨੀ ਸੀ।ਇਹ ਪਾਰਟੀ ਪੰਜਾਬੀਆਂ ਦੀਆਂ ਉਮੀਦਾਂ ਉੱਪਰ ਕਿੰਨਾ ਕੁ ਖਰਾ ਉੱਤਰੀ ਕਿੰਨਾ ਕੁ ਨਹੀ ਇਹ ਇਹਨਾਂ ਲੋਕ ਸਭਾ ਚੋਣਾਂ ਦੇ ਨਤੀਜੇ ਜਰੂਰ ਦੱਸਣਗੇ।

ਲੀਡਰਾਂ ਦੁਆਰਾ ਮੌਜੂਦਾ ਪਾਰਟੀਆਂ ਛੱਡ ਕੇ ਦੂਸਰੀਆਂ ਪਾਰਟੀਆਂ ਵਿੱਚ ਸ਼ਾਮਿਲ ਹੋਣਾ ਵੀ ਇਸ ਵਾਰ ਲੋਕ ਸਭਾ ਚੋਣਾਂ ਦਾ ਦਿਲਚਸਪ ਪੱਖ ਰਿਹਾ ਹੈ। ਆਪਣੀਆਂ ਪਾਰਟੀਆਂ ਨੂੰ ਛੱਡ ਦੂਸਰੀਆਂ ਪਾਰਟੀਆਂ ਵਿੱਚ ਜਾਣ ਵਾਲੇ

ਲੀਡਰਾਂ ਨੂੰ ਲੋਕਾਂ ਦੀ ਕੀ ਜਵਾਬਦੇਹੀ ਰਹੇਗੀ ਇਹ ਵੀ ਦੇਖਣਯੋਗ ਗੱਲ ਹੈ। ਕਿਉਂਕਿ ਪੁਰਾਣੀਆਂ ਪਾਰਟੀਆਂ ਛੱਡ ਨਵੀਆਂ ਪਾਰਟੀਆਂ ਵਿੱਚ ਗਏ ਲੀਡਰਾਂ ਦੇ ਨਿੱਜੀ ਹਿੱਤ ਲੋਕ ਹਿੱਤਾਂ ਨਾਲੋਂ ਜਿਆਦਾ ਮਹੱਤਵਪੂਰਨ ਹੁੰਦੇ ਵਿਖਾਈ ਦੇ ਰਹੇ ਹਨ। ਬੀ.ਜੇ ਪੀ. ਦੁਆਰਾ ਵੱਖ-ਵੱਖ ਸੂਬਿਆਂ ਦੀ ਤਰ੍ਹਾਂ ਪੰਜਾਬ ਵਿੱਚ ਵੀ ਆਪਣੀ ਸ਼ਕਤੀ ਦਾ ਪੱਤਾ ਖੇਡਦਿਆਂ ਲੱਗਭਗ ਹਰ ਪਾਰਟੀ ਦੇ ਮਹੱਤਵਪੂਰਨ ਲੀਡਰ ਨੂੰ ਆਪਣੀ ਪਾਰਟੀ ਵਿੱਚ ਸ਼ਾਮਿਲ ਕਰਨ ਦਾ ਯਤਨ ਕੀਤਾ ਗਿਆ ਹੈ ਜਿਸ ਵਿੱਚ ਉਹ ਕਾਫੀ ਹੱਦ ਤੱਕ ਸਫਲ ਵੀ ਹੋਈ ਹੈ। ਆਮ ਆਦਮੀ ਪਾਰਟੀ ਦਾ ਪੰਜਾਬ ਅੰਦਰ ਦਬਦਬਾ ਵੇਖਦਿਆਂ ਬਹੁਤ ਸਾਰੇ ਲੀਡਰ ਆਪਣੀਆਂ ਪਾਰਟੀਆਂ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ, ਇਹਨਾਂ ਲੀਡਰਾਂ ਦੁਆਰਾ ਆਪਣੀਆਂ ਪਾਰਟੀਆਂ ਛੱਡ ਕੇ 'ਆਪ' ਵਿੱਚ ਸ਼ਾਮਿਲ ਹੋਣ ਤੇ ਇਹਨਾਂ ਦੇ ਤਿਆਗ ਦਾ ਕੀ ਮੁੱਲ ਪਾਇਆ ਜਾਂਦਾ ਹੈ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

ਜਿੱਥੇ ਪਿਛਲੇ ਸਮੇਂਵਿੱਚ ਰਵਾਇਤੀ ਧਾਰਮਿਕ ਜਥੇਬੰਦਕ ਪਾਰਟੀਆਂ ਪੰਥ ਦੇ ਨਾਮ ਉੱਪਰ ਵੋਟਾਂ ਬਟੋਰਨ ਵਿੱਚ ਕਾਮਯਾਬ ਰਹੀਆਂ ਹਨ। ਇਸ ਵਾਰ ਉਹਨਾਂ ਦੀਆ ਮੁਸ਼ਕਲਾਂ ਵਧਦੀਆਂ ਹੋਈਆਂ ਵਿਖਾਈ ਦੇ ਰਹੀਆਂ ਹਨ। ਜਿੱਥੇ ਲੋਕਾਂ ਦੀ ਧਰਮ ਪ੍ਰਤੀ ਸਮਝਦਾਰੀ ਵਿੱਚ ਵਾਧਾ ਹੋਇਆ ਹੈ। ਉਥੇ ਉਹਨਾਂ ਨੇ ਰਵਾਇਤੀ ਧਾਰਮਿਕ ਰਾਜਨੀਤਿਕ ਲੀਡਰਾਂ ਬਾਰੇ ਵੀ ਆਪਣੀ ਸਮਝ ਵਿੱਚ ਬਦਲਾਅ ਲਿਆਂਦਾ ਹੈ। ਪੰਥਕ ਰਹਿਨੁਮਾਈ ਦਾ ਦਾਅਵਾ ਕਰਦੀਆਂ ਜੱਥੇਬੰਦੀਆਂ ਤੋਂ ਪਿਛਲੇ ਸਮੇਂ ਵਿੱਚ ਲੋਕਾਂ ਦਾ ਮੋਹ ਭੰਗ ਹੋਇਆ ਹੈ ਪਰ ਨਾਲ ਹੀ ਮੌਜੂਦਾ ਸਰਕਾਰ ਤੋਂ ਨਿਰਾਸ਼ ਚੱਲ ਰਿਹਾ ਸਮਾਜਿਕ ਤਬਕਾ "ਇਹਨਾ ਨਾਲੋਂ ਤਾਂ ਉਹੀ ਚੰਗੇ ਸਨ।" ਕਹਿੰਦਾ ਹੋਇਆ, ਇਹਨਾਂ ਰਵਾਇਤੀ ਪਾਰਟੀਆ ਲਈ ਹਾਂ ਪੱਖੀ ਮਹੌਲ ਸਿਰਜ ਰਿਹਾ ਹੈ।

ਪੰਜਾਬ ਵਿੱਚ ਪਿਛਲੇ ਕੁਝ ਸਮੇਂ ਤੋਂ ਪੰਥ ਦੀ ਸਿੱਧੇ ਤੌਰ ਤੇ ਗੱਲ ਕਰਨ ਵਾਲੀਆਂ ਸਿੱਖ ਧਾਰਮਿਕ ਸ਼ਖਸ਼ੀਅਤਾਂ ਦਾ ਪ੍ਰਭਾਵ ਵੀ ਵੱਡੇ ਪੱਧਰ ਤੇ ਵੱਖਣ ਨੂੰ ਮਿਲਿਆ ਹੈ, ਜਿੱਥੇ ਇਹਨਾਂ ਧਾਰਮਿਕ ਆਗੂਆਂ ਨੇ ਪੰਥ ਦੀ ਸ਼ਾਨ ਨੂੰ ਮੁੜ ਬਹਾਲ ਕਰਨ ਦਾ ਹੋਕਾ ਦਿੱਤਾ ਅਤੇ ਵੱਡੇ ਪੱਧਰ ਤੇ ਪੰਜਾਬ ਦੀ ਸਿੱਖ ਨੌਜਵਾਨੀ ਨੂੰ ਪ੍ਰਭਾਵਿਤ ਕੀਤਾ ਅਤੇ ਸਿੱਖ ਧਰਮ ਦੇ ਰੀਤੀ ਰਿਵਾਜਾਂ ਨੂੰ ਮੁੜ ਅਪਣਾ ਕੇ ਖੁਸ਼ਹਾਲ ਅਤੇ ਸ਼ੋਹਣਾ ਪੰਜਾਬ ਸਿਰਜਣ ਦਾ ਸੁਫਨਾ ਲੋਕਾਂ ਅੱਗੇ ਰੱਖਿਆ। ਓਥੇ ਇਹਨਾਂ ਨੂੰ ਸਰਕਾਰ ਦੁਆਰਾ ਨਜ਼ਰਬੰਦ ਕਰ ਦੇਣਾ ਪੰਜਾਬੀਆਂ ਨੂੰ ਵੋਟਾਂ ਦੇਣ ਤੋਂ ਪਹਿਲਾਂ ਵਿਚਾਰਨ ਵਾਲੀ ਸਥਿਤੀ ਵਿੱਚ ਖੜ੍ਹਾ ਕਰ ਦੇਣਾ ਹੈ।

ਇਸ ਦੇ ਨਾਲ ਹੀ ਪਹਿਲਾਂ ਦੀ ਤਰ੍ਹਾਂ ਇਸ ਵਾਰ ਵੀ 1984 ਵੇਲੇ ਦੇ ਦਾਅਵਾ ਕਰਦੇ ਸ਼ਹੀਦ ਪਰਿਵਾਰਾਂ ਦੇ ਮੈਬਰ ਵੀ ਕਈ ਥਾਵਾਂ ਤੋਂ ਚੋਣ ਮੈਦਾਨ ਵਿੱਚ ਉਤਰੇ ਹਨ ਅਤੇ ਲੋਕਾਂ ਵਿੱਚ ਸਰਗਰਮੀ ਨਾਲ ਪ੍ਰਚਾਰ ਕਰ ਰਹੇ ਹਨ। ਸੋਸਲ ਮੀਡੀਆ ਰਾਹੀਂ ਸਮਾਜ ਦਾ ਕੁਝ ਹਿੱਸਾ ਇਹਨਾਂ ਦੇ ਹੱਕ ਵਿੱਚ ਪ੍ਰਚਾਰ ਕਰਦਾ ਨਜ਼ਰ ਆ ਰਿਹਾ ਹੈ ਅਤੇ ਇਹਨਾਂ ਲੀਡਰਾਂ ਨੂੰ ਪਾਰਲੀਮੈਂਟ ਵਿੱਚ ਪਹੁੰਚਾ ਕੇ 1984 ਦੇ ਕਤਲੇਆਮ ਲਈ ਇਨਸ਼ਾਫ ਦੀ ਮੰਗ ਨੂੰ ਮਜਬੂਤੀ ਦੇਣਾ ਚਾਹੁੰਦਾ ਹੈ।

ਲੋਕ ਸਭਾ ਚੋਣਾਂ ਨੂੰ ਜਿੱਤਣ ਲਈ ਜਿੱਥੇ ਕਲਾਕਾਰਾਂ ਦੀ ਮੱਦਦ ਨਾਲ ਲੋਕ ਇਕੱਠਾਂ ਨੂੰ ਸੰਗਠਿਤ ਕੀਤਾ ਜਾ ਰਿਹਾ ਹੈ। ਉਥੇ ਕੁਝ ਪਾਰਟੀਆਂ ਇਹਨਾਂ ਕਲਾਕਾਰਾਂ ਨੂੰ ਆਪਣੀਆਂ ਪਾਰਟੀਆਂ ਵਲੋਂ ਟਿਕਟਾਂ ਵੀ ਆਫਰ ਕਰ ਰਹੀਆਂ ਹਨ। ਦੇਖਣ ਵਾਲੀ ਗੱਲ ਇਹ ਹੈ ਕਿ ਕੀ ਇਹ ਕਲਾਕਾਰ ਰਾਜਨੀਤੀ ਅਤੇ ਸਮਾਜ ਪ੍ਰਤੀ ਸਮਝਦਾਰੀ ਰੱਖਦੇ ਹਨ ਅਤੇ ਪਾਰਲੀਮੈਟ ਵਿੱਚ ਲੋਕ ਮੁਦਿਆ ਨੂੰ ਚੁੱਕਦੇ ਹਨ ਜਾਂ ਫਿਰ ਜਿੱਤਣ ਤੋਂ ਬਾਅਦ ਸਿਰਫ ਆਪਣੀਆਂ ਪਾਰਟੀਆਂ ਲਈ ਸੀਟਾਂ ਦੀ ਗਿਣਤੀ ਵਧਾਉਣ ਦਾ ਹੀ ਕੰਮ ਕਰਦੇ ਹਨ। ਕਿਉਂਕਿ ਹਾਲੇ ਤੱਕ ਇੱਕਾ-ਦੁੱਕਾ ਜੇਤੂ ਕਲਾਕਾਰਾਂ ਨੂੰ ਛੱਡ ਕੇ ਕਿਸੇ ਨੇ ਵੀ ਆਪਣੀ ਰਾਜਨੀਤਿਕ ਸਮਝ ਨੂੰ ਪਾਰਲੀਮੈਂਟ ਵਿੱਚ ਪੇਸ਼ ਨਹੀਂ ਕੀਤਾ। ਬਹੁਤ ਸਾਰੇ ਕਲਾਕਾਰ ਤਾਂ ਜਿੱਤਣ ਤੋਂ ਬਾਅਦ ਪਾਰਲੀਮੈਂਟ ਵਿੱਚ ਆਪਣਾ ਚਿਹਰਾ ਦਿਖਾਉਣਾ ਵੀ ਵਾਜਿਬ ਨਹੀਂ ਸਮਝਦੇ। ਇਸ ਬਾਰ ਇਹਨਾਂ ਕਲਾਕਾਰ ਨੁਮਾਇਦਿਆਂ ਨੂੰ ਲੋਕਾਂ ਵਲੋਂ ਕੀ ਸਮਰਥਨ ਮਿਲਦਾ ਹੈ ਇਹ ਵੀ ਮਹੱਤਵਪੂਰਨ ਪੱਖ ਪੰਜਾਬ ਦੀ ਰਾਜਨੀਤੀ ਵਿੱਚ ਵੱਖਿਆ ਜਾ ਸਕਦਾ ਹੈ।

ਇਹਨਾਂ ਵੋਟਾਂ ਦੌਰਾਨ ਪੰਜਾਬ ਵਿੱਚ ਦਿਨੋ-ਦਿਨ ਵਧ ਰਹੀ ਨਸ਼ੇ ਦੀ ਸਮੱਸਿਆ ਵੀ ਵਿਚਾਰਨ ਯੋਗ ਹੈ, ਪੰਜਾਬ ਦਾ ਨੌਜਵਾਨ ਵਰਗ ਜਿੱਥੇ ਵੱਡੇ ਪੱਧਰ ਤੇ ਨਸ਼ੇ ਦਾ ਸ਼ਿਕਾਰ ਹੋਇਆ ਹੈ, ਓਥੇ ਪੰਜਾਬ ਦਾ ਹਰ ਸੰਵੇਦਨਸ਼ੀਲ ਮਨੁੱਖ ਇਸ ਸਮੱਸਿਆ ਤੋਂ ਗੰਭੀਰ ਰੂਪ ਵਿੱਚ ਪ੍ਰੇਸ਼ਾਨ ਹੈ। ਆਮ ਆਦਮੀ ਪਾਰਟੀ ਦੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਵਾਅਦਿਆਂ ਦੀ ਵੀ ਪੂਰਨ ਤੌਰ ਤੇ ਫੂਕ ਨਿਕਲ ਚੁੱਕੀ ਹੈ। ਬਾਕੀ ਪਾਰਟੀਆਂ ਨੇ ਵੀ ਪੰਜਾਬ ਦੀ ਇਸ ਸਮੱਸਿਆ ਨੂੰ ਨਿਸ਼ਾਨੇ ਤੇ ਰੱਖ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਹੈ। ਇਹ ਪਾਰਟੀਆਂ ਪੰਜਾਬ ਦੀ ਮੌਜੂਦਾ ਦੁਰਦਸ਼ਾ ਲਈ ਕੁਝ ਬਦਲਾਅ ਦੇ ਉਪਰਾਲੇ ਕਰਨਗੀਆਂ ਜਾਂ ਇਸੇ ਤਰ੍ਹਾਂ ਇਹ ਸਮੱਸਿਆ ਦਿਨੋ-ਦਿਨ ਵਧਦੀ ਰਹੇਗੀ, ਇਹ ਵੇਖਣਯੋਗ ਗੱਲ ਹੈ। ਇਸ ਲਈ 1 ਜੂਨ ਨੂੰ ਪੰਜਾਬ ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਰਾਜਨੀਤੀ ਵਿੱਚ ਮਹੱਤਵਪੂਰਨ ਸਥਾਨ ਰੱਖਦੀਆਂ ਹਨ।

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਮਾਰੇ ਵੀਰ ਜਟਾਣੀ ਦਲ ਵਿਚਿ ਅੱਗਲੇ॥**
ਚੰਡਿਕਾ ਨੇ ਦਲ ਦੇ ਮੂਹਰਲੇ ਯੋਧੇ ਮਾਰ ਦਿੱਤੇ।
Durga had destroyed the front line of the brave demon army.

**ਮੰਗਣ ਨਾਹੀ ਪਾਣੀ ਦਲੀਂ ਹਕਾਰ ਕੈ॥**
ਜੋਧਿਆਂ ਤੋਂ ਰਣ-ਭੂਮੀ ਵਿੱਚ ਬੋਲ ਕੇ ਪਾਣੀ ਵੀ ਨਹੀਂ ਮੰਗਿਆ ਗਿਆ ਭਾਵ ਪਲ ਵਿੱਚ ਹੀ ਮਰ ਗਏ।
These brave soldiers died so quickly they didn't even get a chance to ask for water.

**ਜਣੁ ਕਰੀ ਸਮਾਇ ਪਠਾਣੀ ਸੁਣਿ ਕੈ ਰਾਗ ਨੂੰ॥**
ਮਾਨੋ ਕਿ ਪਠਾਣੀ ਫ਼ਕੀਰ ਰਾਗ ਨੂੰ ਸੁਣ ਕੇ ਮਸਤੀ ਦੀ ਅਵਸਥਾ ਵਿੱਚ ਹੋਣ।
They fell unconscious, like the Pathaan Fakir who, upon hearing Raaga fall into masti (ecstatic, euphoric trance).

**ਰੱਤੂ ਦੇ ਹੜਵਾਣੀ ਚੱਲੇ ਬੀਰਖੇਤ॥**
ਮੈਦਾਨੇ-ਜੰਗ ਵਿੱਚ ਲਹੂ ਦਾ ਹੜ੍ਹ ਆ ਗਿਆ।
A tsunami of blood rushed through the battlefield.

**ਪੀਤਾ ਫੁੱਲ ਇਆਣੀ ਘੁਮਨ ਸੂਰਮੇ॥20॥**
ਘਾਇਲ ਹੋਏ ਸੂਰਮੇ ਇਉਂ ਝੂਮਦੇ ਹਨ, ਮਾਨੋ ਸੋਫੀ ਬੰਦੇ ਪੋਸ਼ਤ ਪੀ ਕੇ ਝੂਮਦੇ ਹੋਣ।
The way wounded soldiers on the battlefield moved,
made it seem like they had been intoxicated with alcohol.

**ਪਉੜੀ॥**
**ਹੋਈ ਅਲੋਪ ਭਵਾਨੀ ਦੇਵਾਂ ਨੂੰ ਰਾਜੁ ਦੇ॥**
ਦੇਵਤਿਆਂ ਨੂੰ ਰਾਜ ਦੇ ਕੇ ਦੁਰਗਾ ਦੇਵੀ ਅਲੋਪ ਹੋ ਗਈ।
Durga won back the kingdom of the gods and vanished.

**ਈਸਰ ਦੀ ਬਰਦਾਨੀ ਹੋਈ ਜਿੱਤ ਦਿਨ॥**
ਪੌਰਾਣਿਕ ਕਥਾ ਮੁਤਾਬਿਕ ਜਿਸ ਦਿਨ ਸ਼ਿਵ ਜੀ ਦਾ ਵਰ ਫਲੀਭੂਤ ਹੋਇਆ।
However, when Shiva's boon finally blossomed...

**ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ॥**
ਸੁੰਭ ਅਤੇ ਨਿਸੁੰਭ ਨਾਮਕ ਅਭਿਮਾਨੀ ਯੋਧੇ ਦੈਂਤ ਵੰਸ਼ ਵਿੱਚ ਪੈਦਾ ਹੋਏ।
Two egotistical demon warriors, Sumbh and Nisumbh, were born.

**ਇੰਦ੍ਰ ਦੀ ਰਜਧਾਨੀ ਤੱਕੀ ਜਿੱਤਣੀ॥21॥**

ਜਿਨ੍ਹਾਂ ਨੇ ਇੰਦ੍ਰ ਦੀ ਰਾਜਧਾਨੀ ਨੂੰ ਜਿੱਤਣ ਦਾ ਖਿਆਲ ਕੀਤਾ।

They desired to conquer Indra's kingdom.

**ਪਉੜੀ॥**

**ਇੰਦ੍ਰ ਪੁਰੀ ਤੇ ਧਾਵਣਾ ਵਡ ਜੋਧੀਂ ਮਤਾ ਪਕਾਇਆ॥**

ਵੱਡੇ ਸੂਰਮਿਆਂ ਨੇ ਸਲਾਹ ਕਰ ਲਈ ਕਿ ਇੰਦਰ ਪੁਰੀ 'ਤੇ ਚੜ੍ਹਾਈ ਕਰਨੀ ਹੈ।

Together with other great warriors, they came up with a plan.

**ਸੰਜ ਪਟੇਲਾ ਪਾਖਰਾ ਭੇੜ ਸੰਦਾ ਸਾਜੁ ਬਣਾਇਆ॥**

ਇਸ ਲਈ ਉਹਨਾਂ ਨੇ ਸੰਜੋਆਂ,

ਪਟੇਦਾਰ ਤਲਵਾਰਾਂ ਅਤੇ ਘੋੜਿਆਂ ਦੇ ਕਵਚ ਆਦਿਕ ਲੜਾਈ ਦਾ ਸਮਾਨ ਬਣਾ ਲਿਆ।

They gathered armour, swords and horse saddles.

**ਜੁੰਮੇ ਕਟਕ ਅਛੂਹਣੀ ਅਸਮਾਨੁ ਗਰਦੀ ਛਾਇਆ॥**

ਕਈ ਖੂਹਣੀਆਂ ਦੀ ਗਿਣਤੀ ਵਿੱਚ ਫੌਜਾਂ ਚੱਲੀਆਂ ਅਤੇ ਆਕਾਸ਼ ਗਰਦਸ਼ ਨਾਲ ਢੱਕਿਆ ਗਿਆ।

The sky was hidden behind a blanket of dust by the
huge bloodthirsty armies marching forward.

**ਰੋਹ ਸੁੰਭ ਨਿਸੁੰਭ ਸਿਧਾਇਆ॥22॥**

ਗੁੱਸੇ ਨਾਲ ਸੁੰਭ ਅਤੇ ਨਿਸੁੰਭ ਨੇ ਕੂਚ ਕੀਤਾ।

Filled with anger, Sumbh and Nisumbh marched with them.

**ਪਉੜੀ॥**

**ਸੁੰਭ ਨਿਸੁੰਭ ਅਲਾਇਆ ਵਡ ਜੋਧੀਂ ਸੰਘਰ ਵਾਏ॥**

ਸੁੰਭ-ਨਿਸੁੰਭ ਦਾ ਹੁਕਮ ਹੋਣ 'ਤੇ ਵੱਡੇ ਸੂਰਮਿਆਂ ਨੇ ਤਬਾਹੀ ਮਚਾਉਣ ਵਾਲੇ ਜੰਗ ਦੀ ਤਿਆਰੀ ਕੀਤੀ।

Sumbh-Nisumbh ordered for the war drums to be beaten. Signalling the start of the war.

**ਰੋਹ ਦਿਖਾਲੀ ਦਿੱਤੀਆ ਵਰਿਆਮੀ ਤੁਰੇ ਨਚਾਏ॥**

ਗੁੱਸੇ ਵਿੱਚ ਆ ਕੇ ਸੂਰਮਿਆਂ ਨੇ ਮੈਦਾਨ ਵੱਲ ਘੋੜੇ ਨਚਾਉਂਦਿਆਂ ਪ੍ਰਵੇਸ਼ ਕੀਤਾ।

Fueled by anger, these warriors presented their horses.


**ਘੁਰੇ ਦਮਾਮੇ ਦੋਹਰੇ ਜਮ ਬਾਹਣ ਜਿਉ ਅਰੜਾਏ॥**

ਦੋਹਰੀ ਚੋਬ ਨਾਲ ਨਗਾਰੇ ਵੱਜੇ, ਜਿਵੇਂ ਯਮ ਦੀ ਸਵਾਰੀ ਵਾਲੇ ਝੋਟੇ ਅਰੜਾਏ ਹੋਣ।

The double-trumpets were blown, it sounded like Yama Raj (God of death) had arrived.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

## ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਭਾਈ ਸਾਨੂ ਤਾ ਤੁਮਾਰੇ ਦਰਸਨ ਦੀ ਲੋੜ ਤੁਮਾਰੇ ਤੇ ਬਹੁਤ ਹੈ ਕਈ ਹਿਸੇ। ਕਿਸ ਕਰਕੇ ? ਥੁਆਨੂ ਤਾ ਹਮਾਰੇ ਜੈਸਾ ਸਿਖਾ ਦੇ ਦਰਸਨ ਤਾ ਬਹੁਤ ਹੈਨ, ਸਾਨੂ ਤਾ ਨਾਮ ਜਪਣ ਬਾਲਿਆ ਦਾ ਦਰਸਨ ਬਡਾ ਦੁਰਲੰਭ ਹੈ। ਜੇ ਗੁਰੂ ਕਰਾਊਗਾ ਤਾ ਭਾਈ ਸੰਗਤ ਦੇ ਈ ਦਰਸਨ ਕਰਨੇ ਹੈਨ, ਸੰਗਤਿ ਨੂ ਹੀ ਦੇਣੇ ਹੈ। ਹਮਾਰਾ ਤਾ ਭਾਈ ਸਾਕ ਨਾਤਾ ਸਾਧ ਸੰਗਤਿ ਹੀ ਹੈ। ਗੁਰੂ ਸਾਹਿਬ ਅਗੇ ਬੇਤਨੀ ਏਹੁ ਕਰਦੇ ਹਾ ਜੋ ਗੁਰੂ ਜੀ ਸਾਨੂ ਆਪਣੀ ਸੰਗਤਿ ਦੇ ਦਰਸਨ ਕਰਾਓ ਅਗੇ ਜੋ ਗੁਰੂ ਨੂ ਭਾਵੇ।

## ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਆਪਣੇ ਸਮਝਣ ਵਾਲੀ ਗੱਲ ਏਹੋ ਹੀ ਹੈ ਕਿ ਜੋ ਸਤਿਗੁਰੂ– ਸੱਚੇ ਪਾਤਸ਼ਾਹ ਕਰਦੇ ਨੇ, ਸਤਿਗੁਰਾਂ ਤੋਂ ਵੱਡਾ ਕੋਈ ਨਹੀਂ। ਉਨ੍ਹਾਂ ਦੀ ਰਜ਼ਾ ਬਿਨਾਂ ਹੋ ਕੁਝ ਨਹੀਂ ਸਕਦਾ। ਜੋ ਉਨ੍ਹਾਂ ਦੀ ਰਜ਼ਾ ਨਾਲ ਹੁੰਦਾ ਹੈ, ਜਿਹੜਾ ਬਾਣੀ ਵਿੱਚ ਲਿਖਿਆ ਹੈ–

"ਜੋ ਤੁਮੁ ਕਰਹੁ ਸੋਈ ਭਲ ਹਮਰੈ"

ਸਾਨੂੰ ਨਹੀਂ ਪਤਾ ਕਿ ਸਾਡਾ ਭਲਾ ਕਿਹੜੀ ਗੱਲ ਵਿੱਚ ਹੈ। ਇਸ ਗੱਲ ਵਿੱਚ ਸਾਡਾ ਕਿਹੜਾ ਭਲਾ ਛੁਪਿਆ ਹੋਇਆ ਹੈ। ਅਸੰਖਾਂ ਦੀਆਂ ਪੌੜੀਆਂ ਵਿੱਚ ਅਸੀਂ ਤਿੰਨ ਵਾਰ ਪੜ੍ਹਦੇ ਹਾਂ।

"ਜੋ ਤੁਧੁ ਭਾਵੈ ਸਾਈ ਭਲੀ ਕਾਰ"

ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਸਿੱਖਾਂ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਤੁਸੀਂ ਕਿਹਦੇ ਤੇ ਰਾਜ਼ੀ ਰਹਿੰਦੇ ਹੋ? ਸੱਚੇ ਪਾਤਸ਼ਾਹ ਨੇ ਬਚਨ ਕੀਤਾ, "ਜਿਹੜਾ ਰਜ਼ਾ ਵਿੱਚ ਰਾਜ਼ੀ ਰਵੇ।" ਬੜੀ ਔਖੀ ਗੱਲ ਹੈ।

# ਸੰਤ ਅਤੇ ਪਾਪੀ



**ਗੁਰੂਬਚਨ ਸਿੰਘ ਨਾਮਧਾਰੀ**

ਅਕਤੂਬਰ 2019 ਨੂੰ, ਸ. ਖੁਸ਼ਵੰਤ ਸਿੰਘ ਦੀ ਯਾਦ ਵਿੱਚ ਸੰਪੰਨ ਹੋ ਰਹੇ ਤਿੰਨ ਰੋਜ਼ਾ, "ਕਸੌਲੀ ਲਿਟ ਫੇਸਟ" ਵਿੱਚ ਇੱਕ ਦਿਨ, ਈਰਾਨੀ ਕਹਾਣੀਕਾਰ, "ਰਾਮਿਨ ਜੇਹਾਨ ਬੇਗਲੂ" ਦੀ ਪੁਸਤਕ "ਸੈਂਟ ਐਂਡ ਸਿਨਰਸ" ਤੇ ਚਰਚਾ ਲਈ ਰੱਖਿਆ ਗਿਆ। ਦੁਨੀਆਂ ਦੇ ਕਈ ਮੁਲਕਾਂ ਤੋਂ, ਖੁਸ਼ਵੰਤ ਸਿੰਘ ਹੁਰਾਂ ਦੇ ਪ੍ਰਸ਼ੰਸਕ, ਵਿਦਵਾਨ, ਸ਼ਾਇਰ, ਜਰਨਲਿਸਟ ਆਏ ਹੋਏ ਸਨ।

"ਪਾਪ" ਦਾ ਨਿਰਧਾਰਨ ਕਰਦਿਆਂ, ਵਿਦਵਾਨ ਬੁਲਾਰਿਆਂ ਨੇ ਮਨੁੱਖੀ ਸਮਾਜ ਦੀ, ਸਿਹਤਮੰਦ ਅਤੇ ਰੋਗੀ ਮਾਨਸਿਕਤਾ ਦਾ ਵਿਸ਼ਲੇਸ਼ਣ ਕੀਤਾ। "ਮਾਰਕ ਤੁੱਲੀ" ਮਸ਼ਹੂਰ ਜਰਨਲਿਸਟ ਨੇ, ਮਹਾਂਰਿਸ਼ੀ ਵੇਦ ਵਿਆਸ ਦੀ ਪਾਪ ਪੁੰਨ ਦੀ ਪਛਾਣ, ਜਿਹੜਾ ਦੂਜਿਆਂ ਦਾ ਭਲਾ ਕਰੇ, ਉਹ ਪੁੰਨ ਕਰਮ ਹੈ, ਉਹ ਸੰਤ ਹੈ ਅਤੇ ਜਿਹੜਾ ਦੂਜਿਆਂ ਨੂੰ ਦੁੱਖ ਦੇਵੇ, ਉਹ ਪਾਪ ਕਰਮ ਹੈ... ਉਹ ਪਾਪੀ ਹੈ," ਬਹੁਤ ਅਧੂਰੀ ਅਤੇ ਧੁੰਧਲੀ ਹੈ। ਇੱਕ ਮਾਂ, ਸਕੂਲ ਜਾਣ ਤੋਂ ਨਾਂਹ ਕਰਦੇ ਬੱਚੇ ਨੂੰ ਝਿੜਕਦੀ ਹੈ, ਮਾਰਦੀ ਹੈ... ਬੱਚੇ ਨੂੰ ਉਸ ਵੇਲੇ ਦੁੱਖ ਹੁੰਦਾ ਹੈ। ਜਾਂ ਇੱਕ ਡਾਕਟਰ ਮਰੀਜ਼ ਦਾ ਓਪਰੇਸ਼ਨ ਕਰਦਾ ਹੈ, ਚੀਰ-ਫਾੜ ਵੀ ਕਰਦਾ ਹੈ, ਜਾਂ ਇੱਕ ਫੌਜੀ, ਜੰਗ ਦੇ ਦੌਰਾਨ, ਅਨੇਕਾਂ ਦੁਸ਼ਮਨਾਂ ਨੂੰ ਮਾਰਦਾ ਹੈ-ਉਹਨਾਂ ਦੇ ਘਰਾਂ ਵਿੱਚ ਮਾਤਮ ਛਾ ਜਾਂਦਾ ਹੈ... ਕੀ ਇਹਨਾਂ ਕਰਮਾਂ ਨੂੰ ਪਾਪ ਕਰਮ ਕਹਿ ਸਕਦੇ ਹਾਂ ? ਨਿਸ਼ਚੈ ਇੰਝ ਨਹੀਂ ਕਹਿ ਸਕਦੇ ਹਾਂ।

ਕੁਝ ਇਸੇ ਭਾਵ ਵਿੱਚ, ਤਵਲੀਨ ਸਿੰਘ ਨੇ ਤਥਾਕਥਿਤ ਧਰਮੀ ਕਹਿਲਾਣ ਵਾਲਿਆਂ ਮਹਾਮੰਡਲੇਸ਼ਵਰਾਂ ਜਾਂ ਕਾਜ਼ੀਆਂ, ਮੌਲਵੀਆਂ, ਨਿਜ਼ਾਮਾਂ ਤੋਂ ਸਵਾਲ ਕੀਤੇ। ਸਬਰੀਮਾਲਾ ਮੰਦਿਰ ਵਿੱਚ ਔਰਤਾਂ ਦੇ ਪ੍ਰਵੇਸ਼ ਦੀ, ਪੂਜਾ ਅਰਚਨਾ ਦੀ ਨਿਖੇਧੀ, ਮਨੁੱਖੀ ਅਧਿਕਾਰਾਂ ਨੂੰ ਖੋਹ ਲੈਣ ਦਾ ਪਾਪ ਨਹੀਂ ? ਤਿੰਨ ਤਲਾਕ ਦੇ ਨਾਂ ਤੇ, ਇੱਕ ਔਰਤ ਦੀ ਹੱਸਦੀ-ਵੱਸਦੀ ਜ਼ਿੰਦਗੀ ਨੂੰ ਲਾਵਾਰਿਸ ਕਰ ਦੇਣ ਦੇ ਪਾਪੀ ਨਹੀਂ ਹਨ ? ਤਾਂ ਪਾਪੀ ਅਤੇ ਸੰਤ ਦੀ ਸਨਾਖ਼ਤ, ਗਹਿਰੀ ਦ੍ਰਿਸ਼ਟੀ ਮੰਗਦੀ ਹੈ। ਧਰਮ ਅਦਾਰਿਆਂ ਵਿੱਚ ਰਹਿੰਦੇ ਹੋਏ, ਸੰਤ ਕਹਿਲੌਂਦੇ ਹੋਏ ਲੋਗ ਵੀ, ਲੋਭੀ, ਕਾਮੁਕਾ, ਜਾਂ ਕ੍ਰੋਧੀ ਵਿਵਹਾਰ ਕਰ ਕੇ ਪਾਪੀ ਗਿਣੇ ਜਾਣੇ ਚਾਹੀਦੇ ਹਨ ਅਤੇ ਮੰਦਿਰ, ਗੁਰੁਦੁਆਰਿਆਂ ਜੋਗਾ ਸਮਾਂ ਨਾਂ ਕੱਢ ਸੱਕਣ ਵਾਲਾ ਕੋਈ ਵਿਅਕਤੀ, ਸਰਬੱਤ ਦਾ ਭਲਾ ਚਿੱਤਵਦਾ ਹੈ, ਯਥਾਸ਼ਕਤ ਲੋੜਵੰਦ ਬਜ਼ੁਰਗ ਦੀ ਬਾਂਹ ਫੜ ਕੇ ਰੋਡ ਲੰਘਾ ਦਿੰਦਾ ਹੈ... ਉਹ "ਪੁੰਨ ਆਤਮਾ" ਹੈ, ਸੰਤ ਹੈ। ਆਪਣੇ ਲਈ ਤਾਂ ਪਰਮਾਤਮਾ ਤੋਂ ਸਭ ਦਇਆ ਮੰਗਦੇ ਹਨ, ਦੂਜਿਆਂ ਪ੍ਰਤੀ ਕਰੁਣਾ ਮਈ ਹੋ ਜਾਣ ਵਾਲਾ ਹੀ ਸੱਚਾ ਸੰਤ ਹੈ।

"ਸ੍ਰੀ ਰਾਮ ਚਰਿਤ ਮਾਨਸ" ਦੇ ਆਰੰਭ ਵਿੱਚ, ਗੋਸਵਾਮੀ ਤੁਲਸੀਦਾਸ ਜੀ ਨੇ "ਸੰਤ" ਦੀ ਬੰਦਨਾ ਕੀਤੀ-

"ਸੰਤ ਹਿਰਦੈਂ ਨਵਨੀਤ ਸਮਾਨਾ, ਕਹਾ ਕਵਿਨ ਪੈ ਕਹਾ ਨ ਜਾਨਾ॥

ਨਿਜ ਤਾਪ ਲਾਗੀ ਦਵੈ ਨਵਨੀਤਾ,
ਪਰ ਦੁਖੁ ਦ੍ਰਵੈ ਸੰਤ ਸੁ ਪੁਨੀਤਾ॥"

ਕਵੀਆਂ ਨੇ, ਸੰਤਾਂ ਨੂੰ ਮੱਖਣ ਵਾਂਗ ਕੋਮਲ ਹਿਰਦੇ ਵਾਲਾ ਕਿਹਾ ਹੈ. ਪਰ ਉਨ੍ਹਾਂ ਕਵੀਆਂ ਨੇ ਸਹੀ ਉਪਮਾ ਨਹੀਂ ਕੀਤੀ। ਇੱਕ ਮੌਲਿਕ ਭੇਦ ਹੈ, ਸੰਤ ਅਤੇ ਮੱਖਣ ਵਿੱਚ! ਮੱਖਣ ਨੂੰ, ਆਪ ਨੂੰ ਸੇਕ ਲੱਗੇ ਤਾਂ ਪੰਘਰਦਾ ਹੈ ਪਰ ਕਿਸੇ ਜੀਅ ਨੂੰ ਦੁੱਖ ਹੋਵੇ, ਸੇਕ ਲਗੇ ਤਾਂ ਸੰਤ ਦਾ ਹਿਰਦਾ ਪੰਘਰ ਜਾਂਦਾ ਹੈ। ਸੰਤ, ਕਰੁਣਾ ਦੀ ਮੂਰਤ ਹੁੰਦਾ ਹੈ।
ਭਗਤ ਕਬੀਰ ਜੀ, ਬਨਾਰਸ ਰਹਿੰਦੇ ਸਨ।

ਇਕ ਵਾਰ ਸ਼ਿਵਰਾਤ੍ਰੀ ਤੇ, ਅਖੰਡ ਸ਼ਿਵ ਜਾਪ,

ਵਿਦਵਾਨਾਂ ਦੇ ਪ੍ਰਵਚਨ, ਸ਼ਿਵ ਪੁਰਾਣ ਕਥਾ ਦੇ ਉਪਰੰਤ, ਭੰਡਾਰੇ ਦਾ ਪ੍ਰਬੰਧ ਕੀਤਾ ਗਿਆ ਸੀ। ਦੂਰੋਂ-ਦੂਰੋਂ, ਭੁੱਖ ਸ਼ਾਂਤ ਕਰਨ ਲਈ ਲੋੜਵੰਦਾਂ ਦਾ ਵੱਡਾ ਇਕੱਠ ਹੋ ਗਿਆ ਸੀ। ਪਹਿਲਾਂ, ਵੇਦ ਪਾਠੀਆਂ, ਵੇਦਾਂਤੀਆਂ, ਬ੍ਰਾਹਮਣਾਂ, ਵਿਦਵਾਨਾਂ ਨੂੰ ਆਮੰਤਰਿਤ ਕੀਤਾ ਗਿਆ। ਫਿਰ ਖ਼ੱਤਰੀ, ਵਾਪਾਰੀ, ਵੈਸ਼ਯ ਸਮਾਜ ਦੀ ਵਾਰੀ ਸੀ।

ਬੰਦ, ਮੁੱਖ ਦਰਵਾਜ਼ੇ ਦੇ ਬਾਹਰ, ਭੁੱਖ ਨਾਲ ਵਿਆਕੁਲ ਹੁੰਦੇ ਗਰੀਬ, ਔਰਤ, ਮਰਦ, ਬੱਚੇ, ਲੰਗਰ ਦੀ ਮੰਗ ਕਰਦੇ ਹੋਏ ਅੱਗੇ ਵੱਧਣ ਦੀ ਕੋਸ਼ਿਸ਼ ਕਰਦੇ, ਅੱਗੋਂ ਤਗੜੇ ਪਹਿਰੇਦਾਰ, ਲਠੈਤ, ਧੱਕੇ ਮਾਰਦੇ, ਇਨ੍ਹਾਂ ਨੂੰ ਪਿੱਛੇ ਸੁੱਟਦੇ। ਭਗਤ ਕਬੀਰ ਜੀ, ਦੂਰੋ ਇਹ ਦ੍ਰਿਸ਼ ਵੇਖ ਕੇ ਦਵਿੱਤ ਹੋ ਗਏ। "ਪਦ" ਉੱਚਾਰਨ ਕੀਤਾ-

ਦੀਨਨਿ ਦੇਖਿ ਘਿਨਾਤ ਜੋ, ਨਹੀਂ ਦੀਨਨਿ ਸੋਂ ਕਾਮ॥
ਕਹਾਂ ਜਾਣ ਤੇ ਲੇਤ ਹੈਂ, ਦੀਨ ਬੰਧੁ ਕੋ ਨਾਮ॥

ਗਰੀਬਾਂ ਨਾਲ ਘਿਰਨਾ, ਅਤੇ ਗ਼ਰੀਬ ਨਿਵਾਜ਼ ਦਾ ਨਾਂ... ਉਲਟ ਮਨੋਦਸ਼ਾ... ਪੁੱਠੀ ਗੰਗਾ ਵਗਾਉਣ ਦਾ ਨਿਸਫਲ ਪ੍ਰਯੋਜਨ ਹੋ ਰਿਹੈ।

ਉਹ ਤਾਂ ਦੀਨਾ ਬੰਧੂ ਹੈ, ਅਨਾਥਾਂ ਦਾ ਨਾਥ, ਬੇਆਸਰਿਆਂ ਦਾ ਆਸਰਾ। ਗਰੀਬਾਂ, ਭੁੱਖਿਆਂ, ਦੀਨਾਂ ਨੂੰ ਧੱਕੇ ਪੈਣ ਤਾਂ ਨਿਸ਼ਚੇ ਦੀਨ ਬੰਧੂ ਦੇ ਨਾਂ ਦਾ ਜਾਪ, ਬੇਅਰਥ ਹੈ।

ਉਹ ਤਾਂ ਕਰੁਣਾ ਦਾ ਸਾਗਰ, ਦਇਆ ਨਿਧਾਨ ਹੈ।

ਕਿਸੇ ਦਇਆਵਾਨ, ਕਰੁਣਾਵਾਨ ਦੇ... ਕਿਸੇ ਸੰਤ ਦੇ ਹਿਰਦੈ ਚੋਂ ਪ੍ਰਗਟ ਹੋਵੇਗਾ।

ਸੰਨ 1526 ! ਹਿੰਦੁਸਤਾਨ ਤੇ ਬਾਬਰ ਦਾ ਹਮਲਾ ਹੋਇਆ। ਸ਼ਹਿਰ ਦੇ ਸ਼ਹਿਰ ਉਜਾੜਦੇ, ਲੁੱਟਦੇ, ਵੱਡਦੇ-ਕੱਟਦੇ, ਅੱਗੇ ਵੱਧ ਰਹੇ ਸਨ। ਬੇਦੋਸ਼ੇ, ਨਿਹੱਥੇ ਲੋਕਾਂ ਨੂੰ ਨੇਜਿਆਂ ਨਾਲ ਵਿੰਨ੍ਹਦੇ, ਘੋੜਿਆਂ ਦੇ ਪੈਰਾਂ ਹੇਠ ਕੁਚਲਦੇ, ਰੋਂਦੀ ਕੁਰਲਾਉਂਦੀ ਆਵਾਮ ਦੀ ਹਾਹਾਕਾਰ ਨੇ, ਗੁਰੂ ਨਾਨਕ ਪਾਤਸ਼ਾਹ ਦਾ ਹਿਰਦਾ ਵਿੱਤ ਕਰ ਦਿੱਤਾ। ਪਾਤਸ਼ਾਹ ਨੇ ਬਾਬਰ ਨੂੰ ਲਾਹਨਤਾਂ ਪਾਈਆਂ। ਅਗੋਂ ਸ੍ਰਿਸ਼ਟੀ ਦੇ ਸਿਰਜਨਹਾਰ ਸਾਂਈ ਅੱਗੇ ਵੀ ਰੋਸ ਪਰਗਟ ਕੀਤਾ :

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥
ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ॥

ਦੋ ਸ਼ੇਰ ਜਾਂ ਬਰਾਬਰੀ ਦੇ ਦੋ-ਯੋਧਾ ਲੜਨ ਤਾਂ ਜਿੱਤ, ਅਰਥ ਰਖਦੀ ਹੈ। ਪਰ ਜੇ ਭੇਡਾਂ, ਬਕਰੀਆਂ ਦੇ ਝੁੰਡ ਤੇ, ਹੇ ਪਰਮਾਤਮਾ, ਤੂੰ ਬੱਬਰ ਸ਼ੇਰ ਛੱਡ ਦੇਵੇਂ ਤਾਂ, ਖਸਮ ਤੋਂ ਭੀ ਜਵਾਬ ਤਲਬੀ ਹੋਵੇਗੀ। ਸਿਰਜਨਹਾਰ ਦੇ ਵਿਧਾਨ ਅਤੇ ਅਨਿਆਂਪੂਰਨ ਵਿਵਸਥਾ ਤੇ ਪ੍ਰਸ਼ਨ ਚਿੰਨ੍ਹ ਖੜ੍ਹਾ ਹੋ ਜਾਵੇਗਾ।

"ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ..."

ਗੋ ਦਾ ਅਰਥ ਹੈ ਸ੍ਰਿਸ਼ਟੀ। ਬਿੰਦ ਦਾ ਅਰਥ, ਪਾਲਣਹਾਰ।

ਤਾਂ ਪਰਮੇਸ਼ਰ ਨੂੰ ਗੋਬਿੰਦ ਕਹਿੰਦੇ ਹਾਂ।

ਗੋਪਾਲ! ਗੋ, ਅਰਥਾਤ ਸੰਸਾਰ ਦੇ ਜੀਅ। ਪਾਲ ਅਰਥਾਤ ਪਾਲਣ ਵਾਲਾ ! ਹੇ ਪ੍ਰਭੂ ਤੂੰ ਗੋਬਿੰਦ ਹੈਂ, ਤੂੰ ਗੋਪਾਲ ਹੈਂ।

ਹੇ ਦਇਆਲ ਲਾਲ !

ਤੂੰ ਦਇਆਲ ਹੈਂ, ਦਇਆ ਦੇ ਘਰ ਵਿੱਚ ਰਹਿੰਦਾ ਹੈਂ... ਸਭ ਦੀ ਰਖਿਆ ਕਰ... ਸਭ ਨੂੰ ਸੁਖੀ ਕਰ !

ਕਹਿੰਦੇ ਹਨ, ਸੰਤ ਪਾਰਸ ਹੁੰਦੇ ਹਨ। ਜਿਸ ਦੇ ਸਿਰ ਤੇ ਹੱਥ ਰੱਖ ਦੇਣ... ਜਿਸ ਨੂੰ ਇਕ ਵਾਰ ਛੂਹ ਦੇਣ, ਉਸ ਨੂੰ ਕੰਚਨ ਬਣਾ ਦਿੰਦੇ ਹਨ। ਰਤਨਾਕਰ ਡਾਕੂ ਨੂੰ, ਕਹਿੰਦੇ ਹਨ, ਦੇਵਰਿਸ਼ੀ ਨਾਰਦ ਜੀ ਨੇ ਛੂਹ ਕੇ, "ਬਾਲਮੀਕਿ" ਬਣਾ ਦਿੱਤਾ। ਹਿਰਦੈ ਚੋਂ, ਲੋਭ, ਕ੍ਰੋਧ ਆਦਿ ਵਿਕਾਰ ਬਾਹਰ ਹੋ ਗਏ। ਮਨ ਨਿਰਮਲ ਹੋਇਆ ਤਾਂ ਦਇਆ ਨੇ ਸਥਾਨ ਲਿਆ। ਸੰਤ ਮਹਾਪੁਰਸ਼ ਕਹਿੰਦੇ ਹਨ, ਵਿਕਾਰੀ ਦਾ ਹਿਰਦਾ ਨਿਰਮਲ ਨਹੀਂ ਹੁੰਦਾ ਅਤੇ ਇਹ ਸੱਤ ਹੈ, ਵਿਕਾਰੀ ਹਿਰਦੇ ਵਿੱਚ ਦਇਆ ਨਹੀਂ ਉਪਜਦੀ। ਬਾਲਮੀਕਿ ਸੰਤਤਵ ਨੂੰ ਪ੍ਰਾਪਤ ਹੋਏ। ਭਾਰਦਵਾਜ ਰਿਸ਼ੀ ਨਾਲ ਸਹਿਚਾਰ ਹੋਇਆ। ਘੰਟਿਆਂ ਬੱਧੀ, ਦੋਵੇਂ, ਗੰਗਾ ਦੇ ਕਿਨਾਰੇ ਬੈਠ ਜਾਂਦੇ। ਵਗਦੀ ਹੋਈ, ਭਾਗੀਰਥੀ 'ਚੋਂ ਉੱਠਦੀਆਂ ਡਿੱਗਦੀਆਂ ਤਰੰਗਾਂ ਨਿਹਾਰਦੇ, ਧਰਮ ਚਿੰਤਨ ਕਰਦੇ ਰਹਿੰਦੇ। ਉਦੋਂ ਰਾਮ-ਰਾਵਣ ਯੁੱਧ ਸਮਾਪਤ ਹੋ ਗਿਆ ਸੀ। ਅਯੋਧਿਆ ਦੇ ਰਾਜ ਮਹਿਲ 'ਚੋਂ ਨਿਸ਼ਕਾਸਿਤ, ਮਾਂ ਜਾਨਕੀ ਨੇ ਬਾਲਮੀਕਿ ਆਸ਼ਰਮ ਵਿੱਚ ਸ਼ਰਣ ਲਈ ਸੀ। ਲਵ- ਕੁਸ਼ ਦੋ ਪੁੱਤਰ ਭੀ ਜਵਾਨ ਹੋ ਰਹੇ ਸਨ। ਇਕ ਦਿਨ ਗੰਗਾ ਦੇ ਕਿਨਾਰੇ, ਇਕ ਰੁੱਖ ਦੀ ਸ਼ਾਖਾ ਤੇ ਬੈਠੇ ਦੋ ਕ੍ਰੌਂਚ ਪੰਖੀ, ਨਰ ਅਤੇ ਮਾਦਾ ਪੰਖੀ, ਕਲੋਲ ਕਰ ਰਹੇ ਸਨ। ਪ੍ਰੇਮ ਵਿੱਚ ਮਗਨ ਪੰਖੀਆਂ ਨੂੰ ਨਿਸ਼ਾਦ (ਸ਼ਿਕਾਰੀ) ਨਾ ਦਿੱਸਿਆ। ਨਿਸ਼ਾਦ ਨੇ ਨਿਸ਼ਾਨਾ ਲਾ ਤੀਰ ਮਾਰਿਆ। ਇਕ ਨਰ ਪੰਖੀ ਧਰਤ ਤੇ ਤੜਫਦਾ ਹੋਇਆ ਆ

ਡਿੱਗਾ। ਮਾਦਾ ਕੋਂਚ ਵਿਲਾਪ ਕਰਨ ਲੱਗੀ। ਚੀਂ-ਚੀਂ ਕਰਦੀ, ਮ੍ਰਿਤਕ ਸਾਥੀ ਕੋਲ ਜਾਂਦੀ, ਫਿਰ ਉੱਡਦੀ ਰੁੱਖ ਤਕ ਜਾਂਦੀ। ਬੇਚੈਨ ਵਿਆਕੁਲ ਪੰਖੀ ਨੇ, ਬਾਲਮੀਕਿ ਦੇ ਹਿਰਦੇ 'ਚੋਂ ਕਰੁਣਾ ਭਿੱਜਾ ਪਹਿਲਾ ਸ਼ਲੋਕ ਉੱਚਾਰਨ ਕਰਵਾਇਆ:

ਮਾ ਨਿਸ਼ਾਦ ਪ੍ਰਤਿਸ਼ਠਾਂ ਤਵਰਗਮ: ਸ਼ਾਸਵਤੀ ਸਮਾ ॥
ਯਤ ਚ ਮਿਥੁਨ ਆਦੇਕਮ ਵਧੀ: ਕਾਮ ਮੋਹਿਤ॥

ਹੇ ਨਿਸ਼ਾਦ ! ਤੇਰਾ ਕਦੇ ਭਲਾ ਨਾ ਹੋਵੇ। ਪ੍ਰੇਮ ਵਿੱਚ ਮਗਨ ਕ੍ਰੋਂਚ ਪੰਖੀ ਦੀ ਹੱਤਿਆ ਕਰਨ ਵਾਲੇ ਸ਼ਿਕਾਰੀ, ਤੈਨੂੰ ਕਦੇ ਮੁਕਤੀ ਨਾ ਮਿਲੇ ।

ਮਹਾਂਰਿਸ਼ੀ ਬਾਲਮੀਕਿ ਦੇ ਮੁੱਖ ਚੋਂ, ਦਇਆ ਨਾਲ ਭਿੱਜਿਆ ਹੋਇਆ ਇਹ ਪਹਿਲਾ ਸ਼ਲੋਕ ਸੀ। ਬ੍ਰਹਮਾ ਜੀ ਇਸ ਸ਼ਲੋਕ ਤੋਂ ਖਿੱਚੇ ਹੋਏ ਪ੍ਰਗਟ ਹੋਏ ਅਤੇ ਸ੍ਰੀ ਬਾਲਮੀਕਿ ਨੂੰ "ਆਦਿ ਕਵੀ" ਦਾ ਸਨਮਾਨ ਦਿੱਤਾ। ਇਸ ਤੋਂ ਪਹਿਲਾਂ, ਵੇਦ ਰਚਨਾਵਾਂ ਲਿਖੀਆਂ ਗਈਆਂ, ਸ਼ਾਸਤ੍ਰਾਂ, ਪੁਰਾਣਾਂ ਦੇ ਸਲੋਕ ਰਚੇ ਗਏ। ਲੋਕ ਸੰਬੰਧਤ ਕਵਿਤਾ ਦਾ ਪਹਿਲਾ ਸ਼ਲੋਕ ਮਹਾਂਰਿਸ਼ੀ ਬਾਲਮੀਕਿ ਨੇ ਰਚਿਆ। ਤਾਂ ਬ੍ਰਹਮਾ ਜੀ ਨੇ ਵਰ੍ਹ ਦਿੱਤਾ। ਮਹਾਂਰਿਸ਼ੀ ਬਾਲਮੀਕਿ, ਤੁਸੀਂ "ਆਦਿ ਕਵੀ" ਹੋ...

ਹੁਣ ਇਸੇ ਭਾਵ ਵਿੱਚ ਰਾਮ-ਕਥਾ ਲਿਖੋ।

ਇਸ ਤਰ੍ਹਾਂ, ਇੱਕ ਪੰਖੀ ਦੀ ਮੌਤ ਤੋਂ ਦੁਖੀ ਹਿਰਦੈ 'ਚੋਂ ਫੁੱਟੀ, ਕਾਵਿ ਸ਼ੈਲੀ ਵਿੱਚ ਪਹਿਲੀ ਮਹਾਂਕਾਵਿ ਰਚਨਾ, 'ਬਾਲਮੀਕਿ ਰਾਮਾਇਣ" ਦੇ ਰੂਪ ਵਿੱਚ ਪਰਗਟ ਹੋਈ।

ਸੰਤ ਦੀ ਪਛਾਣ, ਉਸ ਦੇ ਭੇਖ ਜਾਂ ਸੰਪਰਦਾਇਕ ਕਰਮਕਾਂਡ ਤੋਂ ਨਹੀਂ ਹੋ ਸਕਦੀ। ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਅਤੇ ਔਰੰਗਜ਼ੇਬ, ਦੋਵੇਂ ਆਪਣੀ ਸੰਪਰਦਾ ਵਿੱਚ ਧਰਮੀ ਜਾਣੇ ਜਾਂਦੇ ਸਨ। ਪਰ ਦੋਹਾਂ ਵਿੱਚ ਮੌਲਿਕ ਭੇਦ ਇਹ ਸੀ ਕਿ ਔਰੰਗਜ਼ੇਬ, ਧਰਮ ਨੂੰ ਇਸਲਾਮ ਦੇ ਸ਼ਰੀਅਤ ਕਾਨੂੰਨ ਦੀ ਨਿਗਾਹ ਨਾਲ ਵੇਖਦਾ ਸੀ। ਇਸਲਾਮ ਨੂੰ ਇਲਾਹੀ ਮਜ਼ਹਬ ਘੋਸ਼ਿਤ ਕਰ ਕੇ, ਰਹਿੰਦੀ ਦੁਨੀਆਂ ਨੂੰ ਜਬਰਨ ਮੁਸਲਮਾਨ ਬਣਾਉਣ ਲਈ ਜ਼ੁਲਮ ਦੀ ਇੰਤਿਹਾ ਕਰ ਦਿੱਤੀ। ਦੂਜੇ ਪਾਸੇ, ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ, ਇਕ ਸਿਰਜਨਹਾਰ, ਅਕਾਲ ਪੁਰਖ ਅਤੇ ਦੂਜੀ, ਸ੍ਰਿਸ਼ਟੀ ਦੇ ਸਾਰੇ ਲੋਗ, ਸਾਰੇ ਮਨੁੱਖ ਮਾਤਰ ਨੂੰ ਇਕ ਮੰਨਦੇ ਹਨ। ਇਹ ਤਾਂ ਵੱਖ-ਵੱਖ ਦੇਸ਼ਾਂ ਦੇ ਭੂਗੋਲ ਅਤੇ ਜਲਵਾਯੂ ਦੇ ਅਨੁਸਾਰ ਪਹਿਰਾਵਾ ਜਾਂ ਵੇਸ਼ ਦਾ ਭੇਦ ਹੈ। ਮਨੁੱਖ ਦਾ ਸੁਭਾਵਕ ਮਨੋਵਿਗਿਆਨ, ਲੀਡਰਸ਼ਿਪ ਜਾਂ ਆਪ ਮੁਖਤਿਆਰ ਹੋਣ ਦਾ ਰਿਹਾ ਹੈ। ਉਸ ਅਨੁਸਾਰ, ਮਨੁੱਖ 'ਚ ਉੱਠੀ ਮਹੱਤਵ ਦੀ ਆਕਾਂਖਾ ਨੇ ਪਰੰਪਰਾ ਤੋਂ ਚਲਦੇ ਆ ਰਹੇ, ਧਰਮ ਸੰਪਰਦਾ ਵਿੱਚ ਤੋੜ ਭੰਨ ਕਰ ਕੇ, ਨਵੇਂ ਪੰਥ ਜਾਂ ਸੰਪਰਦਾਵਾਂ ਸਥਾਪਿਤ ਕੀਤੀਆਂ। ਇਸਲਾਮ, ਇਸਾਈ ਅਤੇ ਯਹੂਦੀ, ਤਿੰਨੇ, ਹਜ਼ਰਤ ਇਬ੍ਰਾਹਿਮ ਨੂੰ ਆਪਣਾ ਪੈਗੰਬਰ ਮੰਨਦੇ ਹਨ। ਹਜ਼ਰਤ ਇਬ੍ਰਾਹਿਮ ਦੇ ਹੀ ਤਿੰਨ ਪੁੱਤਰਾਂ ਨੇ, ਵੱਖ-ਵੱਖ ਤਿੰਨ ਸੰਪਰਦਾਵਾਂ ਖੜੀਆਂ ਕੀਤੀਆਂ। ਇਕੋ ਪਿਤਾ ਦੇ ਪੁੱਤਰਾਂ ਦੀਆਂ ਸੰਪਰਦਾਵਾਂ ਆਪਸ ਵਿੱਚ ਦਵੇਸ਼-ਭਾਵ ਰਖਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ, ਆਪਣੀ ਪਵਿੱਤਰ ਬਾਣੀ ਵਿੱਚ ਸਪੱਸ਼ਟ ਘੋਸ਼ਣਾ ਕੀਤੀ-

ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ॥
ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥

ਸੰਤ ਪਹਿਰਾਵੇ ਜਾਂ ਮਜ਼ਹਬ ਦਾ ਭੇਦ ਨਹੀਂ ਮੰਨਦਾ। ਉਹ ਤਾਂ ਸਾਰਿਆਂ ਵਿੱਚ ਇਕੋ ਨੂਰ ਨੂੰ ਵੇਖਦਾ ਹੈ। ਸ੍ਰੀ ਆਨੰਦਪੁਰ ਸਾਹਿਬ ਜੰਗ ਸਮੇਂ, ਭਾਈ ਘਨ੍ਹਈਆ ਸਿੱਖ ਅਤੇ ਮੁਸਲਮਾਨ, ਦੋਹਾਂ ਧਿਰਾਂ ਦੇ ਜ਼ਖ਼ਮੀ ਫੌਜੀਆਂ ਨੂੰ, ਆਪਣੀ ਮਸ਼ਕ ਚੋਂ ਪਾਣੀ ਪਿਲਾਉਂਦਾ ਰਿਹਾ ਅਤੇ ਆਪਣੇ ਗੁਰਦੇਵ ਦਸਮ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪਾਪੀ ਤਾਂ ਸੁਭਾਅ ਹੈ। ਖਲਕਤ ਨੂੰ ਦੁੱਖ ਦੇਣ ਲਈ, ਹਿੰਸਾ ਕਰਨ ਲਈ, ਮਜ਼ਹਬ ਦਾ ਬਹਾਨਾ ਢੂੰਡ ਲੈਂਦਾ ਹੈ। ਇਹੋ ਗੱਲ ਸਤਿਗੁਰ ਜੀ ਨੇ, 'ਜ਼ਫ਼ਰਨਾਮਾ' ਵਿੱਚ ਔਰੰਗਜ਼ੇਬ ਨੂੰ ਲਿਖੀ ਕਿ ਮਾਸੂਮ ਸਾਹਿਬਜ਼ਾਦਿਆਂ ਨੂੰ ਮਾਰ ਕੇ ਬੇਅੰਤ ਬੇਦੋਸ਼ੀਆਂ ਦੇ ਕਤਲ ਕਰ ਕੇ, ਚਾਲ੍ਹੀ ਭੁੱਖੇ-ਥੱਕੇ ਹੋਏ ਸਿੱਖਾਂ ਤੇ ਦਸ ਲੱਖ ਦੀ ਫ਼ੌਜ ਚੜ੍ਹਾ ਕੇ, ਕਿਹੜਾ ਦੀਨ, ਕਿਹੜਾ ਧਰਮ-ਪਾਲਨ ਦਾ ਭਰਮ ਤੂੰ ਪਾਲਦਾ ਰਿਹਾ। ਅੱਜ ਤੇਰੇ ਹੱਥ, ਨਾ ਦੀਨ ਰਿਹਾ ਅਤੇ ਨਾ ਦੁਨੀਆਂ। ਤੂੰ ਪਾਪੀਆਂ ਦੀ ਪਾਂਤ ਵਿੱਚ ਖੜ੍ਹਾ ਕੀਤਾ ਜਾਵੇਂਗਾ।

ਸਤਿਗੁਰ ਬਾਲਕ ਸਿੰਘ ਜੀ ਦੇ ਸਮੇਂ ਦਰਿਆ ਪਾਰ, ਉਡੇ ਨਗਰ ਦਾ ਸ਼ਰਧਾਲੂ ਸਿੱਖ, "ਰਾਮ ਸਹਾਏ" ਹਜ਼ਰੋਂ ਆਇਆ। ਕਿਰਪਾ ਹੋਈ, ਸਤਿਗੁਰ ਜੀ ਨੇ ਭਜਨ ਦਿੱਤਾ। ਹਰ ਰੋਜ਼ ਤੜਕੇ ਇਸ਼ਨਾਨ ਕਰ ਕੇ, ਦਰਿਆ ਕੰਢੇ ਬੈਠ ਕੇ ਬੰਦਗੀ ਵਿੱਚ ਬੈਠਦੇ। ਸਤਿਗੁਰਾਂ ਦੀ ਬਖਸ਼ਿਸ਼ ਮਿਲੀ ਸੀ। ਬਿਰਤੀ ਟਿਕ ਜਾਂਦੀ ਸੁਰਤਿ, ਸੁੰਨ ਨਾਲ ਜੁੜ ਜਾਂਦੀ। ਇਕ ਦਿਨ ਪਰਮੇਸ਼ਰ ਖੇਡ ਖੇਡੀ। ਰਾਮ ਸਹਾਏ ਜੀ, ਇਸ਼ਨਾਨ

ਕਰ ਕੇ ਚੌਂਕੜਾ ਲਾਇਆ। ਅਜੇ ਕੁਝ ਕੁ ਖਿਨ ਹੋਏ ਸਨ। ਇੱਕ ਬੱਕਰੀ ਦਾ ਮੇਮਨਾ ਆ ਕੇ ਨਾਲ ਖਹਿਣ ਲੱਗਾ। ਰਾਮ ਸਹਾਏ ਜੀ ਨੇ ਦੂਰ ਕਰ ਦਿੱਤਾ।ਬੰਦਗੀ ਦੇ ਵਿੱਚ ਲੀਨ ਹੋ ਜਾਣ ਦਾ ਸੰਕਲਪ ਕਰਨ ਲੱਗੇ।

ਦੂਜੀ ਵਾਰ ਫਿਰ ਉਹੋ ਮੇਮਨਾ ਆ ਗਿਆ ਨਾਲ ਖਹਿਣ ਲੱਗਾ। ਬਿਰਤੀ ਉੱਚਾਟ ਹੋ ਗਈ। ਫਿਰ ਦੂਰ ਹਟਾਇਆ ਤੇ ਬੈਠ ਗਏ। ਤੀਜੀ ਵਾਰ ਫਿਰ ਉਹ ਮੇਮਨਾ ਆਇਆ ਖਹਿਣ ਲੱਗਾ। ਰਾਮ ਸਹਾਏ ਜੀ ਨੇ ਇਕ ਵੱਟਾ ਚੁੱਕ ਮਾਰਿਆ। ਉਹ ਮੇਮਨਾ ਚਲਾ ਗਿਆ... ਫੇਰ ਨਾ ਆਇਆ। ਪਰ ਹੁਣ "ਟਿਕਾਅ" ਭੀ ਰਾਮ ਸਹਾਏ ਜੀ ਤੋਂ ਦੂਰ ਹੋ ਗਿਆ। ਬਹੁਤ ਕੋਸ਼ਿਸ਼ ਕਰਨ, ਸਤਿਗੁਰ ਪਾਸੇ ਬਥੇਰਾ ਧਿਆਨ ਕਰਨ, ਪਰ ਬਿਰਤੀ ਐਸੀ ਉੱਖੜੀ ਕਿ ਫਿਰ ਟਿਕਾਅ ਨਾ ਹੋਇਆ। ਦੂਜੇ ਦਿਨ ਤੀਜੇ ਦਿਨ ਲਿਵ ਨਾ ਲੱਗੇ। 'ਹਜ਼ਰੋਂ'' ... ਟਿਕਾਅ ਨਾ ਹੋਣ ਦਾ ਦੁਖੜਾ ਸੁਣਾਇਆ। ਸਤਿਗੁਰ ਜੀ ਨੇ ਹੁਕਮ ਕੀਤਾ, ਤੁਹਾਡੀ ਬਿਰਤੀ ਵਿੱਚ ਅਜੇ ਕਸਰ ਰਹਿ ਗਈ ਸੀ। ਮੇਮਨੇ ਵਿੱਚ ਵੀ ਪਰਮੇਸ਼ਰ ਨਹੀਂ ਦਿੱਸਿਆ। ਜੀਅ ਨੂੰ ਮਾਰਿਆ, ਦੁਖਾਇਆ ਤਾਂ ਪਰਮੇਸ਼ੁਰ ਵੀ ਨਾਰਾਜ਼ ਹੋ ਗਿਆ।

ਹੁਣ ਜਾਉ, ਉਸ ਮੇਮਨੇ ਤੋਂ ਮਾਫ਼ੀ ਮੰਗੋ, ਉਸ ਦੀ ਸੇਵਾ ਕਰੋ, ਪਦਾਰਥ ਛਕਾਉ। ਮੇਮਨਾ ਮੁਆਫ ਕਰ ਦੇਵੇ ਤਾਂ ਪਰਮੇਸ਼ਰ ਭੀ ਮੁਆਫ ਕਰ ਦੇਵੇਗਾ। ਰਾਮ ਸਹਾਇ ਜੀ ਨੇ ਉਵੇਂ ਹੀ ਕੀਤਾ। ਮੇਮਨੇ ਨੂੰ ਲੱਭਿਆ, ਮਾਫੀ ਮੰਗੀ, ਮੱਥਾ ਟੇਕਿਆ, ਘਿਉ ਦੀ ਚੂਰੀ, ਕੁੱਟ ਖੁਆਈ, ਜੌਂ, ਬਾਜਰਾ, ਗੁੜ ਰਲ੍ਹਾ ਕੇ ਛਕਾਇਆ। ਮੇਮਨਾ ਪ੍ਰਸੰਨ ਹੋ ਕੇ ਚਲਾ ਗਿਆ। ਰਾਮ ਸਹਾਏ ਜੀ ਦਾ ਟਿਕਾਅ ਮੁੜ ਹੋਣ ਲੱਗਾ। ਤਾਂ ਭਗਤ ਫਰੀਦ ਜੀ ਕਹਿੰਦੇ ਹਨ-

ਇਕ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥

ਸੰਤ ਦੀ ਨਿਸ਼ਾਨੀ, ਕਿਸੇ ਨਾਲ ਫਿੱਕਾ ਨਹੀਂ ਬੋਲਦਾ,

ਮਤਾਂ ਕਿਤੇ ਕੋਈ ਹਿਰਦਾ ਨਾ ਦੁਖ ਜਾਏ ... ਹਿਰਦੇ ਵਿੱਚ ਰੱਬ ਵਸਦੈ।

ਵਾਕਈ ਉਹ ਧਰਮੀ ਹੈ, ਸੰਤ ਹੈ, ਜਿਹੜਾ ਕਿਸੇ ਸਾਜ਼ 'ਚੋਂ ਕਰਣਾ ਦੇ ਸੁਰ ਕੱਢੇ, ਉਹ ਕਵੀ ਸਾਹਿਤਕਾਰ ਸੰਤ ਹੈ, ਜਿਹੜਾ ਸਾਰੇ ਪ੍ਰਾਣੀ ਮਾਤਰ ਪ੍ਰਤੀ ਸੁਹਿਰਦ ਹੈ।

ਆਸਾਮ ਦਾ ਗਾਇਕ, ਗੀਤਕਾਰ, ਭੂਪੇਨ ਹਜ਼ਾਰੀਕਾ ਦੀ ਗਾਇਕੀ 'ਚੋਂ ਦਇਆ ਕਰੁਣਾ ਦਾ ਰਸ ਡੁੱਲਦਾ ਸੀ। ਭਾਰਤ-ਰਤਨ, ਪਦਮ ਵਿਭੂਸ਼ਣ, ਪਦਮ ਭੂਸ਼ਣ, ਦਾਦਾ ਸਾਹਿਬ ਫਾਲਕੇ ਪੁਰਸਕਾਰ ਜਿਹੇ ਕਈ ਸਨਮਾਨ ਆਪਣੇ ਨਾਂ ਕਰ ਚੁਕੇ ਸਨ। ਗਾਇਕੀ ਵਿੱਚ ਗਜ਼ਬ ਦਾ ਵਜ਼ਦ ਸੀ... ਇਕ ਨਿਵੇਕਲੀ ਤਾਸੀਰ ਸੀ। ਸੰਨ 2011 ਵਿੱਚ ਸਰੀਰ ਸ਼ਾਂਤ ਹੋਇਆ। ਮੌਤ ਤੋਂ ਕੁਝ ਵਰ੍ਹੇ ਪਹਿਲਾਂ, ਦੇਸ਼ ਦੀ ਗਰੀਬੀ, ਭੁੱਖਮਰੀ, ਭ੍ਰਿਸ਼ਟਾਚਾਰ, ਨਿਰੰਤਰ ਵੱਧਦੇ ਅਪਰਾਧ ਤੋਂ ਬਹੁਤ ਦੁਖੀ ਸਨ। ਕਈ ਥਾਵਾਂ ਤੇ ਹੋਣ ਵਾਲੇ ਗਾਇਨ-ਵਾਦਨ ਪ੍ਰੋਗਰਾਮਾਂ 'ਚੋਂ, ਜੋ ਭੀ ਰਕਮ ਮਿਲਦੀ ਉਹ ਲੋੜਵੰਦਾਂ ਦੀ ਸਹਾਇਤਾ ਲਈ, ਵੱਖ-ਵੱਖ ਸੰਸਥਾਵਾਂ ਨੂੰ ਭੇਟ ਕਰ ਦਿੰਦੇ। ਸੰਨ 2005 ਵਿੱਚ, ਉਨ੍ਹਾਂ ਦਾ ਸ੍ਵੈ ਰਚਿਤ ਗੀਤ, ਉਨ੍ਹਾਂ ਦੀ ਹੀ ਆਵਾਜ਼ ਵਿੱਚ, ਬਹੁਤ ਕਰੁਣਾਮਈ ਅਤੇ ਵਿੱਤ ਕਰ ਦੇਣ ਵਾਲਾ ਪ੍ਰਸਾਰਿਤ ਹੋਇਆ।

ਗੰਗਾ ਦੇਵ ਨਦੀ ਹੈ, ਸ਼ਿਵਜੀ ਦੀਆਂ ਜਟਾਵਾਂ 'ਚੋਂ ਵੱਗੀ, ਧਰਤੀ ਦੇ ਪਾਪੀਆਂ ਨੂੰ ਸ਼ੁੱਧ ਕਰਨ ਲਈ। ਪਰ ਭੂਪੇਨ ਹਜ਼ਾਰੀਕਾ ਦੁਖੀ ਹਨ ਕਿ ਅੱਜ ਵੀ ਬਹੁਤਾਇਤ ਵਿੱਚ ਪਾਪੀ ਨਿਧੜਕ ਲੋਕਾਂ ਨੂੰ ਲੁਟਦੇ ਹਨ, ਮਾਰਦੇ ਹਨ, ਭ੍ਰਿਸ਼ਟ ਆਚਰਣ ਕਰਦੇ ਹਨ। ਤਾਂ ਕਵੀ ਦਾ ਹਿਰਦਾ ਰੋਂਦਾ ਹੈ। ਕਹਿੰਦੇ ਹਨ, ਗੰਗਾ ਤੂੰ ਕਿਉਂ ਵਗਦੀ ਹੈਂ ? ਅਸਮੀ ਭਾਸ਼ਾ ਵਿੱਚ ਗਾਏ ਇਸ ਗੀਤ ਨੂੰ, ਪੰਜਾਬੀ ਬੋਲੀ ਵਿੱਚ ਅਨੁਵਾਦ ਕੀਤਾ ਹੈ

ਓ ਗੰਗਾ, ਤੂੰ ਵਗਦੀ ਹੈਂ ਕਿਉਂ ?
ਤੇਰਾ ਵਿਸਥਾਰ ਹੈ ਅਪਾਰ, ਪ੍ਰਜਾ ਦੋਵੇਂ ਪਾਰ
ਕਰੇ ਹਾਹਾਕਾਰ ਨਿ: ਸ਼ਬਦ... ਮੌਨ...
ਓ ਗੰਗਾ ! ਤੂੰ ਵਗਦੀ ਹੈਂ ਕਿਉਂ ?

ਸੰਤ ਅਤੇ ਪਾਪੀ, ਦੋਵੇਂ ਮਨੁੱਖੀ ਸਮਾਜ ਦੇ ਵਾਸੀ ਹਨ। ਕਈ ਰੂਪਾਂ-ਭੇਖਾਂ ਵਿੱਚ ਮੌਜੂਦ ਹਨ। ਪਛਾਣ ਮੁਸ਼ਕਲ ਹੋ ਗਈ ਹੈ। ਠੱਗ, ਸੱਜਣ ਦੇ ਭੇਖ ਵਿੱਚ ਹਨ। ਲੋਭੀ, ਕਾਮੀ, ਸਮਾਜ ਸੇਵਕ ਬਣੇ ਹੋਏ ਦਿਸਦੇ ਹਨ। ਸੰਤ, ਸਾਧ, ਫ਼ਕੀਰੀ ਭੇਖ ਵਿੱਚ, ਮਸਤਾਨੇ ਬਾਵਰੇ ਹੋਏ ਜਾਪਦੇ ਹਨ। ਸ਼ਿਨਾਖ਼ਤ ਅਉਖੀ ਹੋ ਗਈ ਹੈ। ਪਰਖ ਦੀ ਇਕੋ ਕਸਵੱਟੀ :

ਪਰ ਦੁਖਿ ਦੁਖੈ ਸੰਤ ਸੁ ਪੁਨੀਤਾ ॥

ਦੂਸਰੇ ਦੇ ਦੁੱਖ ਤੋਂ ਪੰਘਰ ਜਾਏ, ਉਹ ਸੰਤ ਹੈ।

ਨਿਵੇਕਲੇ ਜਿਹੇ ਲਗਦੇ, ਕਿਸੇ ਵਿਸ਼ੇਸ਼ ਰੰਗ ਦੇ ਬਾਣੇ ਵਾਲੇ ਸਫੇਦ, ਨੀਲੇ ਕਾਲੇ ਭਗਵੇ ਭੇਖ ਵਾਲੇ, ਜ਼ਰੂਰੀ ਨਹੀਂ

ਇਹ ਸਾਰੇ ਸੰਤ ਹੋਣ। ਬਹੁਤ ਤਪ ਕਰਨ ਵਾਲੇ, ਅਖੰਡ ਜਾਪ ਕਰਨ ਵਾਲੇ ਵੀ, ਲੋਭੀ, ਕ੍ਰੋਧੀ ਰੂਪ ਵਿੱਚ ਦਿਸ ਪੈਂਦੇ ਹਨ। ਸੰਤ ਤਾਂ ਲਿਖਾਰੀਆਂ ਵਿੱਚ, ਕਵੀਆਂ ਵਿੱਚ, ਸੰਗੀਤਕਾਰਾਂ, ਚਿੱਤਰਕਾਰਾਂ, ਬੁੱਤ ਤਰਾਸ਼ਾਂ ਵਿੱਚ, ਗੁਪਤ ਹੋਏ ਬੈਠੇ ਵੇਖੇ ਜਾ ਸਕਦੇ ਹਨ।

ਪੰਜਵੀਂ ਸ਼ਤਾਬਦੀ ਵਿੱਚ, ਕਾਲੀਦਾਸ ਨੇ ਕਈ ਮਹਾਨ ਕਾਵਿ ਰਚਨਾਵਾਂ ਕੀਤੀਆਂ। 'ਰਘੁਵੰਸ਼ਮ'' ਵਿੱਚ, ਭਗਵਾਨ ਰਾਮ ਦੇ ਪੂਰਵਜ ਰਾਜਾ ਅਜ ਨੇ, ਦੇਵਲੋਕ ਦੀ ਅਪਸਰਾ, ਇੰਦੂਮਤੀ ਨਾਲ ਪ੍ਰੇਮ-ਵਿਆਹ ਕੀਤਾ ਸੀ। ਕਾਲੀਦਾਸ ਨੇ, ਇਨ੍ਹਾਂ ਦਾ ਜੀਵਨ ਪ੍ਰਸੰਗ, ਕਰੁਣਾ ਰਸ ਵਿੱਚ ਕਲਮਬੰਦ ਕੀਤਾ ਹੈ। ਇਕ ਦਿਨ ਰਾਜਾ "ਅਜ" ਇੰਦੂਮਤੀ ਦੇ ਸੁਖ-ਸੁਪਨਿਆਂ ਭਰੇ ਜੀਵਨ ਵਿੱਚ ਹੋਣੀ ਵਿਆਪ ਗਈ–
"ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ...॥

ਮੌਤ ਦਾ ਦੂਤ ਆਇਆ। ਇੰਦੂਮਤੀ ਦੇ ਪ੍ਰਾਣ ਕੱਢ ਲੈ ਗਿਆ। ਰਾਜਾ ਅਜ ਤੇ ਜਿਵੇਂ ਦੁਖਾਂ ਦਾ ਪਹਾੜ ਢੈਅ ਪਿਆ। ਰੌਂਦਾ ਵਿਰਲਾਪ ਕਰਦਾ, ਬਾਵਰਾ ਹੋਏ ਗਿਆ। ਸੰਸਕ੍ਰਿਤ ਵਿੱਚ ਕਾਲੀਦਾਸ ਦੀ ਇਹ ਰਚਨਾ, ਕਰੁਣਾ ਰਸ ਦੀ ਉਤਕ੍ਰਿਸ਼ਠ ਅਭਿਵਿਅਕਤੀ" ਕਹੀ ਜਾਂਦੀ ਹੈ। ਲਿੱਖਣ ਲੱਗਿਆਂ ਕਵੀ ਰੋਇਆ, ਪੜ੍ਹਨ ਲੱਗਿਆਂ ਅੱਜ ਵੀ ਪਾਠਕ ਰੋਂਦਾ ਹੈ।

ਪ੍ਰਸਿੱਧ ਹਿੰਦੀ ਕਵੀ ਨਾਗਾਰਜੁਨ ਨੇ 1955 ਵਿੱਚ, ਕਾਲੀਦਾਸ ਤੋਂ ਕਾਵਿ ਸ਼ੈਲੀ ਵਿੱਚ ਪੁੱਛ ਲਿਆ।

ਕਾਲੀਦਾਸ ਓ ਕਾਲੀਦਾਸ !
ਕਾਲੀਦਾਸ, ਸੱਚ ਸੱਚ ਬਤਲਾਨਾ।
ਇੰਦੂਮਤੀ ਕੇ ਮਿਰਤੁ ਸ਼ੋਕ ਪੇ,
ਅਜ ਰੋਇਆ ਯਾ ਤੁਮ ਹੋਏ ਥੇ।

ਮਹਾਂਕਵੀ ਕਾਲੀਦਾਸ, ਸੱਚ ਦੱਸੀਂ ਇੰਦੂਮਤੀ ਦੀ ਮੌਤ ਤੇ, ਰਾਜਾ ਅਜ ਦਾ ਜਿਵੇਂ ਕਰੁਣਾਮਈ ਵਿਰਲਾਪ ਵਰਣਨ ਕੀਤਾ ਹੈ... ਉਹ ਸੱਚ ਵਿੱਚ ਅਜ ਰੋਇਆ ਸੀ ਜਾਂ ਤੂੰ ਆਪ ਰੋਇਆ ਸੀ। ਵਾਕਈ ਕੋਈ ਦੁਖਦ ਮਾਨਵੀ ਘਟਨਾ ਘਟਦੀ ਹੈ ਤਾਂ ਕਵੀ ਦਾ ਹਿਰਦਾ ਰੋਂਦਾ ਹੈ, ਕਵੀ ਦੀ ਕਲਮ 'ਚੋਂ ਹੰਝੂ ਝੜਦੇ ਹਨ, ਕਵੀ ਆਪ ਰੋਂਦਾ ਹੈ।

ਇਹ ਕਿਸੇ ਦੇ ਦੁਖ ਤੋਂ ਦਵਿੱਤ ਹੋ ਜਾਣ ਵਾਲੇ "ਸੰਤ" ਦੀਆਂ ਗੱਲਾਂ ਹਨ।

ਅੱਠਵੀਂ ਸਦੀ ਤਕ, ਬੋਧ ਧਰਮ, ਬਰਮਾ, ਚੀਨ ਹੁੰਦਾ ਹੋਇਆ ਜਾਪਾਨ ਵਿੱਚ ਮੁਕਾਮ ਕੀਤਾ। ਵੱਡੀ ਸੰਖਿਆ ਵਿੱਚ ਜਾਪਾਨੀਆਂ ਨੇ, ਬੋਧ ਧਰਮ ਧਾਰਣ ਕਰ ਲਿਆ। ਜਾਪਾਨੀ ਸੰਤ "ਤੇਤਸੁਜੇਨ", ਬੋਧ ਧਰਮ ਗ੍ਰੰਥ, "ਬੋਧ ਸੂਤਰ" ਦਾ ਜਾਪਾਨੀ ਭਾਸ਼ਾ ਵਿੱਚ ਅਨੁਵਾਦ ਕਰਵਾਉਣਾ ਚਾਹੁੰਦੇ ਸਨ। ਪਹਿਲਾਂ ਇਹ ਲੋਕਪ੍ਰਿਅ ਗ੍ਰੰਥ, ਚੀਨੀ ਭਾਸ਼ਾ ਵਿੱਚ ਹੀ ਉਪਲੱਬਧ ਸੀ। ਸੰਤਾਂ ਨੇ ਇਸ ਕੰਮ ਲਈ ਉਗਰਾਹੀ" ਦੀ 'ਆਵਾਜ਼' ਦਿੱਤੀ ਤਾਂ ਥੋੜ੍ਹੇ ਦਿਨਾਂ ਵਿੱਚ ਲੋੜੀਂਦਾ ਧਨ ਇਕੱਠਾ ਹੋ ਗਿਆ। ਪਰ ਦੁਰਯੋਗ ਨਾਲ, ਉਸ ਸਾਲ ਜਾਪਾਨ ਵਿੱਚ, ਅਗਿਆਤ ਮਹਾਂਮਾਰੀ ਫੈਲ ਗਈ। ਹਜ਼ਾਰਾਂ ਲੋਕ ਮਰ ਰਹੇ ਸਨ।

ਸੰਤ ਤੇਤਸੁਜੇਨ ਦਾ ਹਿਰਦਾ ਦੁੱਖ ਨਾਲ ਭਰ ਗਿਆ। ਬੋਧ ਗ੍ਰੰਥ ਦੇ ਜਾਪਾਨੀ ਸੰਸਕਰਣ ਲਈ ਜਿੰਨ੍ਹਾ ਧਨ ਜਮ੍ਹਾਂ ਸੀ। ਉਹ ਸਾਰਾ ਦੁਖੀ ਜਨਾਂ ਦੇ ਇਲਾਜ, ਸਾਂਭ ਸੰਭਾਲ ਵਿੱਚ ਖਰਚ ਦਿੱਤਾ। ਸਮਾਂ ਸੁਧਰਿਆ ਤਾਂ ਫਿਰ ਧਰਮ ਗ੍ਰੰਥ ਲਈ ਧਨ ਮੰਗਿਆ। ਲੋਕਾਂ ਦਿਲ ਖੋਲ੍ਹ ਕੇ ਦਿੱਤਾ। ਕੁਦਰਤ ਨੇ ਫਿਰ ਕਹਿਰ ਵਰਤਾਇਆ। ਸ਼ਿਨਾਨੋ ਨਦੀ ਦੇ ਹੱੜ ਨੇ ਉਪਰੀ ਜਾਪਾਨ ਵਿੱਚ ਕਹਿਰ ਵਰਤਾਇਆ।

ਹਜ਼ਾਰਾਂ ਲੋਕ ਮਰ ਗਏ... ਲੱਖਾਂ ਦੇ ਘਰ ਸ਼ਿਨਾਨੋ ਦੇ ਹੱੜ ਵਿੱਚ ਢੈ ਢੇਰ ਹੋ ਗਏ। ਤ੍ਰਾਹੀ-ਤ੍ਰਾਹੀ ਮੱਚ ਗਈ। "ਸੰਤ" ਨੇ ਫਿਰ ਸਾਰਾ ਧਨ, ਉਜੜੇ ਹੋਏ, ਹੱੜ ਪ੍ਰਭਾਵਿਤ ਲੋਕਾਂ ਦੇ ਪੁਨਰਵਾਸ ਅਤੇ ਹੱੜ੍ਹ ਤੋਂ ਉਪਜੇ ਹੈਜਾ, ਡਾਇਰੀਆ ਜਿਹੇ ਰੋਗਾਂ ਦੇ ਇਲਾਜ ਲਈ ਖਰਚ ਦਿੱਤੇ।

ਤੀਜੀ ਵਾਰ ਧਰਮ ਗ੍ਰੰਥ ਨੂੰ ਜਾਪਾਨੀਆਂ ਦੀ ਮਾਂ ਬੋਲੀ ਵਿੱਚ ਪ੍ਰਕਾਸ਼ਿਤ ਕਰਨ ਲਈ, ਧਨ ਇੱਕਠਾ ਕੀਤਾ ਅਤੇ ਜਾਪਾਨੀ ਭਾਸ਼ਾ ਵਿੱਚ "ਤਾਇਸ਼ੋ" ਬੁੱਧ ਧਰਮ ਦਰਸ਼ਨ ਪ੍ਰਕਾਸ਼ਿਤ ਹੋਇਆ।

ਸੰਸਾਰ ਦੇ ਬੁੱਧੀਜੀਵੀ ਕਹਿੰਦੇ ਹਨ। ਅਸਲ ਵਿੱਚ "ਤਾਇਸ਼ੋ" ਦੇ ਤਿੰਨ ਸੰਸਕਰਣ ਪ੍ਰਕਾਸ਼ਿਤ ਹੋਏ। ਪਹਿਲੇ ਦੋ ਸੰਸਕਰਣ ਅਦਿੱਖ ਹਨ... ਪਰ ਬਹੁਤ ਸੋਹਣੇ ਹਨ। ਉਹਨਾਂ ਵਿੱਚ ਮਨੁੱਖੀ ਸੰਵੇਦਨਾ ਅਤੇ ਲੋਕ ਸੇਵਾ ਭਾਵ ਵੀ ਅੱਖਰਾਂ ਦੇ ਨਾਲ, ਅੰਕਿਤ ਸੀ...

"ਪਰ ਦੁਖ ਦੂਵੈ ਸੰਤ ਸੁ ਪੁਨੀਤਾ"...

....................................................

# ਪੰਜਾਬ ਵਿੱਚ ਆਜ਼ਾਦੀ ਲਹਿਰ ਅਤੇ ਸਿੱਖ ਸ਼ਹਾਦਤ ਦੀ ਪਰੰਪਰਾ

**ਡਾ. ਜਸਪਾਲ ਕੌਰ ਧੰਜੂ**[1]

ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੀ ਪੰਝੱਤਰਵੀਂ ਵਰ੍ਹੇਗੰਢ ਦੇ ਸਮਾਰੋਹਾਂ ਦਾ ਸਮਾਂ ਖੋਜਕਾਰਾਂ ਨੂੰ ਆਜ਼ਾਦੀ ਸੰਘਰਸ਼ ਦੇ ਵੱਖ-ਵੱਖ ਪੜਾਵਾਂ ਨੂੰ ਦੁਬਾਰਾ ਘੋਖਣ ਅਤੇ ਵਿਚਾਰ ਕਰਨ ਦਾ ਮੌਕਾ ਪ੍ਰਦਾਨ ਜੋ ਕਰਦਾ ਹੈ, ਨਾਲ ਹੀ ਉਨ੍ਹਾਂ ਪੱਖਾਂ ਤੇ ਰੌਸ਼ਨੀ ਪਾਉਣ ਦਾ ਵੀ, ਜੋ ਹੁਣ ਤੱਕ ਅਣਗੌਲੇ ਰਹਿ ਗਏ। ਇਹ ਮੰਤਵ ਨਵੇਂ ਸਰੋਤਾਂ ਦੀ ਭਾਲ, ਹੁਣ ਤਕ ਅਣਸੁਣੀਆਂ ਕੀਤੀਆਂ ਗਈਆਂ ਆਵਾਜ਼ਾਂ ਨੂੰ ਸੁਣਨ ਅਤੇ ਨਾਲ ਹੀ ਪਹਿਲਾਂ ਉਪਲੱਬਧ ਸਰੋਤਾਂ ਦੀ ਦੁਬਾਰਾ ਵਿਆਖਿਆ ਕਰਨ ਦੁਆਰਾ ਪੂਰਾ ਕੀਤਾ ਜਾ ਸਕਦਾ ਹੈ। ਇਹ ਸਾਨੂੰ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੇ ਬਿਰਤਾਂਤ ਨੂੰ ਬਸਤੀਵਾਦੀ ਪ੍ਰਭਾਵ ਤੋਂ ਮੁਕਤ ਕਰ ਕੇ, ਇਕ ਸੰਪੂਰਨ ਅਤੇ ਸੂਖ਼ਮ ਢੰਗ ਨਾਲ ਸਮਝਣ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ। ਭਾਵੇਂ ਇਹ ਸੱਚ ਹੈ ਕਿ ਭਾਰਤ ਦੇ ਆਜ਼ਾਦੀ ਸੰਘਰਸ਼ ਦੀ ਲਹਿਰ ਇਕ ਸਰਬ ਭਾਰਤੀ ਸੰਗਠਨ ਅਤੇ ਸਿਧਾਂਤ ਦੁਆਲੇ ਕੇਂਦਰਿਤ ਸੀ, ਫਿਰ ਵੀ ਇਸ ਦੀਆਂ ਖੇਤਰੀ ਲਹਿਰਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ ਜੋ ਇਸ ਸੰਘਰਸ਼ ਦੇ ਵਿਸ਼ੇ ਨੂੰ ਹੋਰ ਅਮੀਰ ਬਣਾਵੇਗਾ।

ਜਿਸ ਤਰ੍ਹਾਂ ਭਾਰਤ ਪੱਧਰ ਤੇ ਆਜ਼ਾਦੀ ਸੰਘਰਸ਼ ਦੇ ਵੱਖ-ਵੱਖ ਪਹਿਲੂ ਸਨ ਉਸੇ ਤਰ੍ਹਾਂ ਪੰਜਾਬ ਪੱਧਰ ਤੇ ਵੀ ਵੇਖਣ ਵਿਚ ਮਿਲਦਾ ਹੈ। ਵੱਖ ਵੱਖ ਲਹਿਰਾਂ ਦੇ ਸੁਭਾਅ, ਪਹੁੰਚ, ਸਿਧਾਂਤ, ਤਰੀਕੇ ਅਤੇ ਪੈਂਤੜੇ ਵੱਖ ਵੱਖ ਸਨ- ਕਈ ਸ਼ਾਂਤਮਈ ਅਤੇ ਅਹਿੰਸਕ ਸਨ ਜਦੋਂ ਕਿ ਕਈ ਹਿੰਸਕ ਅਤੇ ਇਨਕਲਾਬੀ ਸਨ ਅਤੇ ਹੋ ਸਕਦਾ ਹੈ ਉਨ੍ਹਾਂ ਨੂੰ ਬਹੁਤੀ ਹਮਾਇਤ ਜਾਂ ਸ਼ਲਾਘਾ ਨਾ ਮਿਲੀ ਹੋਵੇ- ਪਰੰਤੂ ਉਹ ਵੀ ਅੰਗਰੇਜ਼ਾਂ ਦੇ ਵਿਰੁੱਧ ਹੀ ਚਲਾਏ ਜਾ ਰਹੇ ਸਨ।

ਆਜ਼ਾਦੀ ਦਾ ਸੰਘਰਸ਼ ਬਹੁਤ ਕੁਰਬਾਨੀਆਂ ਮੰਗਦਾ ਸੀ, ਧਨ ਦੌਲਤ ਦੀ ਕੁਰਬਾਨੀ, ਉੱਚੇ ਅਹੁਦਿਆਂ ਦੀ ਕੁਰਬਾਨੀ ਤੇ ਜਾਨ ਤੱਕ ਵਾਰ ਦੇਣ ਦੀ ਕੁਰਬਾਨੀ। ਇਸ ਕਰਕੇ ਮਰਨਾ ਜਾਂ ਸ਼ਹੀਦੀ ਪ੍ਰਾਪਤ ਕਰਨੀ ਆਜ਼ਾਦੀ ਘੁਲਾਟੀਆਂ ਦਾ ਇਕ ਆਦਰਸ਼ ਬਣ ਗਿਆ ਅਤੇ ਇਸ ਆਦਰਸ਼ ਦੀ ਪ੍ਰਾਪਤੀ ਵਾਸਤੇ ਪੰਜਾਬ ਦੇ ਲੋਕਾਂ ਲਈ ਹੋਰਨਾਂ ਤੋਂ ਇਲਾਵਾ ਪ੍ਰੇਰਨਾ ਦਾ ਸੋਮਾ ਸਿੱਖੀ ਦੀ ਸ਼ਹਾਦਤ ਦੀ ਪਰੰਪਰਾ ਸੀ। ਇਸ ਲਈ ਇਹ ਵਿਚਾਰਨਾ ਜ਼ਰੂਰੀ ਹੈ ਕਿ ਸਿੱਖੀ ਦੀ ਸ਼ਹਾਦਤ ਦੀ ਪ੍ਰੰਪਰਾ ਅਤੇ ਸਿੱਖ ਇਤਿਹਾਸ ਦਾ ਤੱਤ ਕਿਸ ਤਰ੍ਹਾਂ ਦੇਸ਼ ਦੀ ਆਜ਼ਾਦੀ ਵਾਸਤੇ ਪੰਜਾਬ ਵਿਚ ਉਭਾਰਿਆ ਗਿਆ। ਕੇਵਲ ਇਹ ਹੀ ਨਹੀਂ ਸਗੋਂ ਇਹ ਵਰਤਾਰਾ ਇੱਕ ਵਿਸ਼ਾਲ ਪ੍ਰਕਿਰਿਆ ਵਿਚ ਪਰਿਵਰਤਿਤ ਹੁੰਦਾ ਹੈ ਜਿਸ ਵਿਚ ਇਤਿਹਾਸ ਨੂੰ ਅੰਗਰੇਜ਼ ਵਿਰੋਧੀ ਸੰਘਰਸ਼ ਵਿਚ ਇਕ ਤਾਕਤ ਅਤੇ ਮਹੱਤਵਪੂਰਨ ਦਾਅ ਪੇਚ ਵਜੋਂ ਵਰਤਿਆ ਗਿਆ ਹੈ। ਭਾਰਤ ਦੀ ਆਜ਼ਾਦੀ ਲਹਿਰ ਬਾਰੇ ਧਰਮ ਨਿਰਪੱਖ ਇਤਿਹਾਸਕ ਲੇਖਣੀਆਂ, ਜੋ ਜ਼ਿਆਦਾਤਰ ਸੰਨ 1947 ਤੋਂ ਬਾਅਦ ਲਿਖੀਆਂ ਗਈਆਂ, ਅੰਗਰੇਜ਼ਾਂ ਵਿਰੋਧੀ ਸੰਘਰਸ਼ ਵਿਚ ਧਾਰਮਿਕਤਾ ਦੇ ਮਹੱਤਵ ਨੂੰ ਘਟਾ ਕੇ ਦਰਸਾਉਣ ਦਾ ਯਤਨ ਕਰਦੀਆਂ ਹਨ। ਇਨ੍ਹਾਂ ਲੇਖਣੀਆਂ ਵਿੱਚ ਜ਼ਿਆਦਾ ਮਹੱਤਵ ਰਾਜਨੀਤਿਕ, ਆਰਥਿਕ ਅਤੇ ਹੋਰ ਗ਼ੈਰ ਧਾਰਮਿਕ ਮਸਲਿਆਂ ਨੂੰ ਦਿੱਤਾ ਗਿਆ ਹੈ। ਪਰੰਤੂ ਇਸ ਦਾ ਮਤਲਬ ਇਹ ਨਹੀਂ ਹੈ ਕੇ ਇਨ੍ਹਾਂ ਧਰਮ ਨਿਰਪੱਖ ਲੇਖਣੀਆਂ ਨੇ ਭਾਰਤ ਦੇ ਆਜ਼ਾਦੀ ਸੰਘਰਸ਼ ਬਾਰੇ ਜੋ ਮਹੱਤਵਪੂਰਨ ਵਿਆਖਿਆਵਾਂ ਦੇਣ ਦੀ ਭੂਮਿਕਾ ਨਿਭਾਈ ਹੈ ਉਹ ਕਿਸੇ ਤਰ੍ਹਾਂ ਘੱਟ ਹੈ।

ਆਪਣੇ ਸਿਧਾਂਤਾਂ ਜਾਂ ਧਰਮ ਦੀ ਖਾਤਰ ਸ਼ਹੀਦੀ ਪਾਉਣੀ ਜਾਂ ਸਵੈ ਇੱਛਾ ਨਾਲ ਜਾਨ ਕੁਰਬਾਨ ਕਰਨੀ, ਭਾਵੇਂ ਹਰੇਕ ਸਮਾਜ ਵਿਚ ਬੜੀ ਪਵਿੱਤਰ ਮੱਤ ਸਮਝੀ ਜਾਂਦੀ ਹੈ, ਸਿੱਖ ਧਰਮ ਵਿੱਚ ਵਿਸ਼ੇਸ਼ ਦਰਜਾ ਰੱਖਦੀ ਹੈ ਜਿੱਥੇ ਕਿ ਆਪਣੇ ਧਾਰਮਿਕ ਵਿਸ਼ਵਾਸਾਂ ਨਾਲ ਜੁੜੇ ਰਹਿਣ ਅਤੇ ਉਨ੍ਹਾਂ ਦੀ ਖਾਤਰ ਕੁਰਬਾਨੀਆਂ ਕਰਨ ਦੀ ਇੱਕ ਲੰਮੀ ਅਤੇ

**1. Professor (Retd), Department of History, Punjabi University Patiala**

ਨਿਰੰਤਰ ਰਵਾਇਤ ਹੈ।[2] ਸਿੱਖ ਧਰਮ ਗੁਰੂਆਂ ਵੱਲੋਂ ਵਿਹਾਰਕ ਰੂਪ ਵਿੱਚ ਸਥਾਪਤ ਕੀਤਾ ਗਿਆ, ਜਿਸ ਦਾ ਮਕਸਦ ਹੱਕ ਸੱਚ, ਸਮਾਜਕ ਅਤੇ ਆਰਥਿਕ ਇਨਸਾਫ਼ ਅਤੇ ਕਿਰਤ ਨੂੰ ਮਾਣ ਤੇ ਸ਼ਾਨ ਬਖ਼ਸ਼ਣ ਵਾਲੇ ਸਮਾਜ ਦਾ ਨਿਰਮਾਣ ਕਰਨਾ ਸੀ। ਸ਼ਹਾਦਤ ਵਰਗੀਆਂ ਸਿੱਖ ਰਵਾਇਤਾਂ ਦਾ ਪਿਛੋਕੜ ਗੁਰੂਆਂ ਦੇ ਉਪਦੇਸ਼ਾਂ ਵਿੱਚੋਂ ਝਲਕਦਾ ਹੈ। ਸਿੱਖੀ ਰਵਾਇਤਾਂ, ਖਾਸ ਕਰਕੇ ਸ਼ਹੀਦੀਆਂ ਅਠਾਰ੍ਹਵੀਂ ਸਦੀ ਦੌਰਾਨ ਸਿੱਖ ਮਾਨਸਿਕਤਾ ਦਾ ਅੰਗ ਬਣ ਗਈਆਂ ਸਨ। ਅਸਲ ਵਿਚ ਸ਼ਹੀਦੀ ਸਿੱਖੀ ਰਹੁ-ਰੀਤ ਦਾ ਹਿੱਸਾ ਬਣ ਗਈ। ਇਸ ਸਮੇਂ ਦੌਰਾਨ ਸਥਾਪਤ ਹੋਈ ਇੱਕ ਮਿਸਲ ਦਾ ਨਾਮ ਹੀ ਮਿਸਲ "ਸ਼ਹੀਦਾਂ" ਸੀ। ਇਸ ਤਰ੍ਹਾਂ ਸ਼ਹੀਦੀ ਪਿਛਲੀਆਂ ਪੰਜ ਸਦੀਆਂ ਦੌਰਾਨ ਇੱਕ ਮੂਲ ਸਿਧਾਂਤ ਅਤੇ ਮਹੱਤਵਪੂਰਨ ਸਿੱਖ ਰਵਾਇਤ ਬਣੀ ਰਹੀ।

ਮਹੱਤਵਪੂਰਨ ਗੱਲ ਇਹ ਹੈ ਕਿ ਇਹ ਸਿਧਾਂਤ ਗੁਰੂ ਨਾਨਕ ਵੱਲੋਂ ਬੜੀ ਦ੍ਰਿੜ੍ਹਤਾ ਨਾਲ ਦਿੱਤਾ ਗਿਆ ਅਤੇ ਗੁਰੂ ਕਾਲ ਅਤੇ ਉਸ ਤੋਂ ਬਾਅਦ ਦੇ ਸਿੱਖ ਇਤਿਹਾਸ ਵਿੱਚ ਇਸ ਸਿਧਾਂਤ ਦਾ ਸਿੱਖੀ ਵਿਚਾਰਧਾਰਾ ਅਤੇ ਕਾਰ ਵਿਵਹਾਰ ਵਿੱਚ ਬਕਾਇਦਾ ਝਲਕਾਰਾ ਮਿਲਦਾ ਹੈ।[3] ਇਸੇ ਪ੍ਰਸੰਗ ਵਿੱਚ ਹੀ ਗੁਰੂ ਨਾਨਕ ਕਹਿੰਦੇ ਹਨ, ਕਿ "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ "[4]

ਗੁਰੂ ਨਾਨਕ ਦਾ ਉਪਰੋਕਤ ਵਿਚਾਰ ਸਿੱਖੀ ਵਿੱਚ ਸ਼ਹਾਦਤ ਦੇ ਸੰਕਲਪ ਦਾ ਆਧਾਰ ਹੈ ਕਿਉਂਕਿ ਇਸ ਰਸਤੇ ਤੇ ਚੱਲਣ ਵਾਲੇ ਨੂੰ ਐਸੀ ਪ੍ਰਤੀਬੱਧਤਾ ਦੀ ਜ਼ਰੂਰਤ ਹੈ ਕਿ ਉਹ ਜਾਨ ਕੁਰਬਾਨ ਕਰਨ ਤੋਂ ਜ਼ਰਾ ਵੀ ਨਾ ਝਿਜਕੇ। ਇਸ ਤਰ੍ਹਾਂ ਸ਼ਹੀਦੀ ਦੀ ਰੀਤ ਗੁਰੂ ਨਾਨਕ ਦੇ ਦੱਸੇ ਹੋਏ ਮਾਰਗ ਦਾ ਇਕ ਮਹੱਤਵਪੂਰਨ ਅੰਗ ਹੈ। ਇਹ ਗੁਰੂ ਨਾਨਕ ਦੇ ਦੱਸੇ ਹੋਏ ਗਾਡੀ ਰਾਹ ਦਾ ਅਨਿੱਖੜਵਾਂ ਅੰਗ ਸੀ ਅਤੇ ਇਸ ਵਿੱਚ ਪਹਿਲ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੀ ਗਈ ਜਿਸ ਨੂੰ ਬਾਅਦ ਵਿੱਚ ਗੁਰੂ ਤੇਗ ਬਹਾਦਰ ਵੱਲੋਂ ਅਪਣਾਇਆ ਗਿਆ। ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ ਅਤੇ ਸਿੱਖਾਂ ਦੀਆਂ ਬਾਅਦ ਵਿਚਲੀਆਂ ਜੱਦੋ-ਜਹਿਦਾਂ ਬਾਰੇ ਸਭ ਜਾਣਦੇ ਹਨ। ਚਮਕੌਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਵੱਲੋਂ ਸਵੈ ਇੱਛਾ ਨਾਲ ਆਪਣੇ ਪੁੱਤਰਾਂ ਨੂੰ ਮੁਗਲਾਂ ਨਾਲ ਲੜਾਈ ਲਈ ਭੇਜਿਆ ਗਿਆ। ਇਸ ਤਰ੍ਹਾਂ ਨਿਆਂਕਾਰੀ ਕਾਰਨਾਂ ਵਾਸਤੇ ਸ਼ਹਾਦਤ ਦੇ ਵਿਚਾਰ ਦੀ ਵਿਆਖਿਆ, ਪ੍ਰਦਰਸ਼ਨੀ ਅਤੇ ਪ੍ਰਵਾਨਗੀ ਗੁਰੂਆਂ ਵੱਲੋਂ ਆਪ ਪ੍ਰਧਾਨ ਕੀਤੀ ਗਈ। ਸ਼ਹਾਦਤ ਇਕ ਧਾਰਮਿਕ ਰੀਤ ਹੀ ਨਹੀਂ ਸਗੋਂ ਲੋਕਾਂ ਨੂੰ ਪਿਆਰ, ਸੱਚ ਅਤੇ ਨਿਆਂ ਦੀ ਖਾਤਰ ਕੁਰਬਾਨੀ ਕਰਨ ਲਈ, ਜਾਗਰੂਕ ਕਰਨ ਅਤੇ ਸਿੱਖਿਆ ਦੇਣ ਦਾ ਸਭ ਤੋਂ ਕਾਰਗਰ ਤਰੀਕਾ ਸੀ।[5]

ਸਿੱਖਾਂ ਦੀ ਨਿੱਡਰਤਾ, ਬਹਾਦਰੀ, ਦ੍ਰਿੜ੍ਹਤਾ ਭਰੀ ਦਲੇਰੀ ਅਤੇ ਕਦੇ ਹਾਰ ਨਾ ਮੰਨਣ ਵਾਲੇ ਵਿਰੋਧ ਦਾ ਜਜ਼ਬਾ ਆਦਿਕ ਅਜਿਹੇ ਗੁਣ ਸਨ ਜਿਨ੍ਹਾਂ ਕਰਕੇ ਉਹ ਜਬਰ ਕਰਨ ਵਾਲੀ ਤਾਕਤਵਰ ਸਰਕਾਰ ਦੇ ਖ਼ੂਨੀ ਅੱਤਿਆਚਾਰਾਂ ਦਾ ਮਜ਼ਬੂਤੀ ਨਾਲ ਮੁਕਾਬਲਾ ਕਰ ਗਏ। ਉਹ ਮੌਤ ਤੋਂ ਨਹੀਂ ਸਨ ਡਰਦੇ ਕਿਉਂਕਿ ਉਹ ਜਾਣਦੇ ਸਨ ਕਿ ਮੌਤ ਤੋਂ ਬਚਿਆ ਨਹੀਂ ਜਾ ਸਕਦਾ। ਇਸ ਲਈ ਕਿਉਂ ਨਾ ਪੰਥ ਦੀ ਪ੍ਰਭੂਸੱਤਾ ਲਈ ਲੜਾਈ ਕਰਕੇ ਇੱਜ਼ਤ ਵਾਲੀ ਮੌਤ ਮਰਿਆ ਜਾਵੇ। ਇਸ ਵਿਚਾਰਧਾਰਾ ਨੇ ਹੀ ਸਿੱਖਾਂ ਨੂੰ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਤੋਂ ਪਿੱਛੇ ਨਾ ਹਟਣ ਅਤੇ ਕਿਸੇ ਵੀ ਕੀਮਤ ਤੇ ਪ੍ਰਭੂਸੱਤਾ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ।

ਜਦੋਂ ਸਿੱਖਾਂ ਨੇ ਪ੍ਰਭੂਸੱਤਾ ਉੱਪਰ ਹੱਕ ਜਤਾਇਆ ਤਾਂ ਉਸ ਨਾਲ ਹੀ ਸ਼ਹੀਦੀਆਂ ਪਾਉਣ ਲਈ ਵੀ ਤਿਆਰ ਹੋ ਗਏ ਕਿਉਂਕਿ ਜਾਨ ਤੇ ਖੇਡ ਕੇ ਹੀ ਮੁਗਲ ਹਕੂਮਤ ਕੋਲੋਂ ਪ੍ਰਭੂਸੱਤਾ ਖੋਹੀ ਜਾਣੀ ਸੀ। ਸਿੱਖਾਂ ਵਿਚ ਸ਼ਹੀਦੀ ਦੀ ਰਵਾਇਤ ਗੁਰੂਆਂ ਦੇ ਆਪਣੇ ਆਦਰਸ਼ਕ ਵਿਹਾਰ ਅਤੇ ਹੌਸਲੇ ਦੇ ਨਮੂਨੇ ਦੁਆਰਾ ਸਥਾਪਿਤ ਕੀਤੀ ਗਈ ਸੀ। ਜੇਕਰ ਗੁਰੂ ਅਤੇ ਉਨ੍ਹਾਂ ਦੇ ਸਾਹਿਬਜ਼ਾਦੇ ਪੰਥ ਦੀ ਚੜ੍ਹਦੀ ਕਲਾ ਅਤੇ ਭਲਾਈ ਵਾਸਤੇ ਕੁਰਬਾਨੀ ਦੇ ਸਕਦੇ ਹਨ ਤਾਂ ਸਿੱਖ ਕਿਉਂ ਨਹੀਂ ਅਜਿਹਾ ਕਰ ਸਕਦੇ, ਜੋ ਅਜਿਹਾ ਕਰਦੇ ਹੋਏ ਕੇਵਲ ਆਪਣੇ ਗੁਰੂਆਂ ਦੁਆਰਾ ਕਾਇਮ ਕੀਤੀਆਂ ਮਿਸਾਲਾਂ ਤੇ ਹੀ ਅਮਲ ਕਰ ਰਹੇ ਹੋਣਗੇ। ਬੇਇੰਤਹਾ ਸਰੀਰਕ ਤਸੀਹੇ ਸਿੱਖਾਂ ਦਾ ਵਿਸ਼ਵਾਸ ਨਹੀਂ ਡੁਲਾ ਸਕੇ ਅਤੇ ਜਿਉਂ ਜਿਉਂ ਉਨ੍ਹਾਂ ਤੇ ਜ਼ੁਲਮ ਵਧਦਾ ਸੀ ਉਨੀ ਹੀ ਉਨ੍ਹਾਂ ਦੀ ਸਹਿਣ ਸ਼ਕਤੀ ਵਧਦੀ ਜਾਂਦੀ ਸੀ। ਸਿੱਖਾਂ ਵੱਲੋਂ ਜਾਨ ਵਾਰਨ ਦਾ ਉਦੇਸ਼ ਧਾਰਮਿਕ ਦੇ ਨਾਲ ਨਾਲ ਰਾਜਨੀਤਕ ਵੀ ਸੀ ਜਿਵੇਂ ਕਿ ਸਿੱਖ ਪੰਥ ਦੀ ਚੜ੍ਹਦੀ ਕਲਾ, ਸਿੱਖ ਪ੍ਰਭੂਸੱਤਾ ਦੀ ਸਥਾਪਤੀ ਅਤੇ ਪਰਸਵਾਰਥ।

ਹੁਣ ਅਸੀਂ ਵਿਚਾਰ ਕਰਾਂਗੇ ਕਿ ਸਿੱਖ ਪਰੰਪਰਾ ਕਿਸ ਤਰ੍ਹਾਂ ਪੰਜਾਬ ਦੇ ਲੋਕਾਂ ਲਈ ਅੰਗਰੇਜ਼ਾਂ ਵਿਰੁੱਧ ਸੰਘਰਸ਼ ਦਾ ਪ੍ਰੇਰਨਾ ਸਰੋਤ ਬਣੀ। ਇੱਥੇ ਇੱਕ ਸਿੱਖ ਧਾਰਮਿਕ ਆਗੂ ਭਾਈ ਮਹਾਰਾਜ ਸਿੰਘ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜਿਸ

ਬਾਰੇ ਆਖਿਆ ਜਾਂਦਾ ਹੈ ਕਿ ਸੰਨ 1846-49 ਦੇ ਸਮੇਂ ਦੌਰਾਨ ਉਸ ਨੇ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਸੰਘਰਸ਼ ਆਯੋਜਿਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਉਸ ਨੇ ਅੰਗਰੇਜ਼ਾਂ ਦੇ ਵਿਰੁੱਧ ਧਰਮ ਦੇ ਨਾਮ ਤੇ ਐਲਾਨ-ਏ-ਜੰਗ ਕੀਤਾ ਅਤੇ ਐਲਾਨ ਕੀਤਾ ਕਿ ਮਲੇਛ ਫਿਰੰਗੀਆਂ ਨੂੰ ਪੰਜ ਦਰਿਆਵਾਂ ਦੀ ਪਵਿੱਤਰ ਧਰਤੀ ਤੋਂ ਮਾਰ ਕੱਢਣ ਦਾ ਕਾਰਜ ਪਵਿੱਤਰ, ਧਾਰਮਿਕ ਅਤੇ ਇਨਸਾਫ਼ ਵਾਲਾ ਕੰਮ ਹੈ।"[6] ਅੰਗਰੇਜ਼ਾਂ ਦੇ ਵਿਰੁੱਧ ਪ੍ਰਚਾਰ ਕਰਨ ਕਰਕੇ ਉਸ ਨੂੰ ਦਸੰਬਰ 1849 ਵਿੱਚ ਗ੍ਰਿਫ਼ਤਾਰ ਕਰਕੇ ਰਾਜਸੀ ਕੈਦੀ ਦੇ ਤੌਰ ਤੇ ਸਿੰਗਾਪੁਰ ਲਈ ਜਲਾਵਤਨ ਕਰ ਦਿੱਤਾ ਗਿਆ ਜਿੱਥੇ ਗਠੀਏ ਅਤੇ ਕੈਂਸਰ ਦੀ ਬਿਮਾਰੀ ਨਾਲ ਸਨ 1856 ਵਿੱਚ ਉਸ ਦੀ ਮੌਤ ਹੋ ਗਈ। ਸੰਤ ਤੋਂ ਇਨਕਲਾਬੀ ਬਣਿਆ ਭਾਈ ਮਹਾਰਾਜ ਸਿੰਘ ਪੰਜਾਬ ਨੂੰ ਸੰਨ 1849 ਵਿੱਚ ਅੰਗਰੇਜ਼ੀ ਰਾਜ ਦੇ ਅਧੀਨ ਕਰਨ ਦੇ ਮੁੱਢਲੇ ਸਾਲਾਂ ਵਿੱਚ ਹੀ ਵਿਦੇਸ਼ੀ ਰਾਜ ਤੋਂ ਆਜ਼ਾਦੀ ਦੇ ਪ੍ਰਤੀਕ ਵਜੋਂ ਸਾਹਮਣੇ ਆਇਆ। ਸਾਡੇ ਕੋਲ ਦੋ ਅੰਗਰੇਜ਼ ਅਧਿਕਾਰੀਆਂ ਦੇ ਬਿਆਨ ਹਨ ਜੋ ਇਹ ਤਸਦੀਕ ਕਰਦੇ ਹਨ ਕਿ ਮਹਾਰਾਜ ਸਿੰਘ ਵਿਚ ਲੀਡਰਸ਼ਿਪ ਦੀਆਂ ਅਸਾਧਾਰਨ ਖ਼ੂਬੀਆਂ ਸਨ। , ਡਿਪਟੀ ਕਮਿਸ਼ਨਰ ਜਲੰਧਰ ਲਿਖਦਾ ਹੈ ਕਿ, "ਗੁਰੂ ਕੋਈ ਸਾਧਾਰਨ ਵਿਅਕਤੀ ਨਹੀਂ ਹੈ। ਇਹ ਸਥਾਨਕ ਲੋਕਾਂ ਲਈ ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਪੱਕੇ ਇਸਾਈਆਂ ਲਈ ਜੀਸਸ ਕਰਾਈਸਟ। ਇਸ ਦੀਆਂ ਕਰਾਮਾਤਾਂ ਹਜ਼ਾਰਾਂ ਲੋਕਾਂ ਨੇ ਵੇਖੀਆਂ ਅਤੇ ਪ੍ਰਾਚੀਨ ਪੈਗੰਬਰਾਂ ਨਾਲੋਂ ਵੱਧ ਮੰਨੀਆਂ ਗਈਆਂ।[7] Mr. Macleod, ਕਮਿਸ਼ਨਰ ਦੋਆਬ, ਲਿਖਦਾ ਹੈ ਕਿ, "ਮੈਨੂੰ ਪੱਕਾ ਜਾਪਦਾ ਹੈ ਕਿ ਗੁਰੂ ਕੁਝ ਪੱਖਾਂ ਤੋਂ ਇੱਕ ਅਲੌਕਿਕ ਵਿਅਕਤੀ ਸੀ।"[8] ਇਸ ਨਾਲ ਜੋੜ ਕੇ ਉਹ ਇੱਕ ਮਹੱਤਵਪੂਰਨ ਗੁਣ ਦੱਸਦਾ ਹੈ ਜਿਸ ਕਰ ਕੇ ਭਾਈ ਮਹਾਰਾਜ ਸਿੰਘ ਇਕ ਮਹਾਨ ਆਗੂ ਸੀ, ਉਹ ਸੀ ਉਸ ਵਿੱਚ ਆਸਾਧਾਰਨ ਦਰਜੇ ਦੀ ਇਖ਼ਲਾਕੀ ਦਲੇਰੀ। "ਉਸ ਦੇ ਕੇਵਲ ਇਸੇ ਗੁਣ ਕਰਕੇ ਹੀ, ਜੋ ਇੱਕ ਗੁਰੂ ਵਜੋਂ ਪਵਿੱਤਰ ਆਚਰਨ ਵਿਖਾਇਆ ਜਾਂਦਾ ਹੈ, ਮੈਂ ਸਮਝਦਾ ਹਾਂ ਕਿ ਉਸ ਦਾ ਨਾਂ ਬਹੁਤ ਮਾਣ ਸਤਿਕਾਰ ਨਾਲ, ਬਿਨਾਂ ਸ਼ੱਕ, ਹੁਣ ਤੱਕ ਲਿਆ ਜਾਂਦਾ ਹੈ।"[9] ਸੋ, ਇਕ ਪਾਸੇ ਉਹ ਇੱਕ ਸੱਚਾ ਸੁੱਚਾ ਸਿੱਖ ਵਿਚਾਰਧਾਰਾ ਦਾ ਸੰਤ ਸੀ ਜਿਸ ਨੇ ਆਪਣੀ ਸਾਰੀ ਜ਼ਿੰਦਗੀ ਮਨੁੱਖਤਾ ਦੀ ਸੇਵਾ ਵਿਚ ਲਗਾਈ ਹੋਈ ਸੀ ਦੂਜੇ ਪਾਸੇ ਉਹ ਉਨ੍ਹਾਂ ਮੁੱਢਲੇ ਆਜ਼ਾਦੀ ਘੁਲਾਟੀਆਂ ਵਿੱਚੋਂ ਸੀ ਜਿਨ੍ਹਾਂ ਨੇ ਆਪਣੇ ਦੇਸ਼ ਦੀ ਆਜ਼ਾਦੀ ਅਤੇ ਗੌਰਵ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ।

ਗ਼ਦਰ ਲਹਿਰ ਦੀਆਂ ਜੜ੍ਹਾਂ ਭਾਰਤ ਵਿੱਚ ਅੰਗਰੇਜ਼ ਹਕੂਮਤ ਦੀਆਂ ਜਾਬਰ ਨੀਤੀਆਂ ਅਤੇ ਉੱਤਰੀ ਅਮਰੀਕਾ ਵਿੱਚ ਰਹਿੰਦੇ ਭਾਰਤੀ ਮੂਲ ਦੇ ਆਵਾਸੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਵਿਚ ਵੇਖੀਆਂ ਜਾ ਸਕਦੀਆਂ ਸਨ। ਗ਼ਦਰ ਲਹਿਰ ਤੇ ਭਾਵੇਂ ਬਹੁਤ ਵਿਦਵਤਾ ਭਰਪੂਰ ਕੰਮ ਹੋ ਚੁੱਕਾ ਹੈ ਪਰ ਇਸ ਸੰਘਰਸ਼ ਦੇ ਇੱਕ ਪਹਿਲੂ ਵੱਲ ਹੁਣ ਤੱਕ ਢੁੱਕਵਾਂ ਧਿਆਨ ਨਹੀਂ ਦਿੱਤਾ ਗਿਆ, ਉਹ ਹੈ ਗ਼ਦਰ ਲਹਿਰ ਅਤੇ ਸਿੱਖ ਧਾਰਮਿਕ ਪਰੰਪਰਾ ਵਿਚ ਆਪਸੀ ਸੰਬੰਧ। ਹੁਣ ਤੱਕ ਦੀ ਖੋਜ ਗ਼ਦਰ ਬਾਰੇ ਇਹ ਹੀ ਨਤੀਜੇ ਕੱਢਦੀ ਹੈ ਕਿ ਇਹ ਇੱਕ ਧਰਮ ਨਿਰਪੱਖ ਲਹਿਰ ਸੀ। ਅਸਲ ਵਿੱਚ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਗ਼ਦਰ ਸਾਹਿਤ ਵਿਚ ਜੋ ਸਿੱਖ ਇਤਿਹਾਸ ਦੇ ਹਵਾਲੇ ਦਿੱਤੇ ਜਾਂਦੇ ਹਨ ਉਹ ਸਿੱਖ ਸਮਾਜ ਨੂੰ ਭਾਵਨਾਤਮਕ ਅਪੀਲ ਵਾਸਤੇ ਹਨ ਜਾਂ ਇਹ ਆਖ ਲਵੋ ਕਿ ਇਹ ਹਵਾਲੇ ਸਹਾਇਕ ਕਾਰਜਾਂ ਤੋਂ ਅੱਗੇ ਨਹੀਂ ਜਾਂਦੇ ਅਤੇ ਇਸ ਤਰ੍ਹਾਂ ਲਹਿਰ ਦਾ ਖਾਸਾ ਧਰਮ ਨਿਰਪੱਖਤਾ ਹੀ ਰਹਿੰਦਾ ਹੈ।[10] ਕਵਿਤਾਵਾਂ, ਵਾਰਤਕ ਲੇਖਾਂ ਅਤੇ ਨਾਵਲਾਂ ਦੇ ਰੂਪ ਵਿੱਚ ਭਾਰੀ ਮਾਤਰਾ ਵਿਚ ਗ਼ਦਰ ਸਾਹਿਤ ਸਾਨੂੰ ਗ਼ਦਰੀਆਂ ਦੇ ਵਿਚਾਰਧਾਰਕ ਆਧਾਰ ਨੂੰ ਨਿਯਮਬੱਧ ਕਰਨ ਵਿੱਚ ਮਦਦ ਕਰਦਾ ਹੈ। ਉਨ੍ਹਾਂ ਵੱਲੋਂ ਅਤੀਤ ਦੇ ਇਤਿਹਾਸ ਤੇ ਸਿੱਖ ਪਰੰਪਰਾ ਦੀ ਵਰਤੋਂ ਧਿਆਨ ਦੇਣ ਯੋਗ ਹੈ ਇਸਦੇ ਬਾਵਜੂਦ ਕਿ ਮੁੱਖ ਤੌਰ ਤੇ ਗ਼ਦਰ ਲਹਿਰ ਨੂੰ ਇੱਕ ਧਰਮ ਨਿਰਪੱਖ ਲਹਿਰ ਵਜੋਂ ਹੀ ਮੰਨਿਆ ਜਾਂਦਾ ਹੈ। ਇਕ ਵਿਦਵਾਨ ਦੇ ਕਥਨ ਅਨੁਸਾਰ ਇਸ ਦੇ ਬਾਵਜੂਦ ਕੁਝ ਵਿਦਵਾਨਾਂ ਦੇ ਪੱਧਰ ਤੇ ਇਸ ਨੂੰ ਰਾਸ਼ਟਰੀ ਜਾਂ ਦੇਸ਼ ਭਗਤੀ ਵਾਲੀ ਲਹਿਰ ਆਖਣਾ ਬਜਾਏ ਇਸ ਦੇ ਕੇ ਸਿੱਖ ਧਾਰਮਿਕ ਪ੍ਰੇਰਨਾ ਵਾਲੀ ਲਹਿਰ ਜਿਸ ਵਿੱਚ ਦੇਸ਼ ਭਗਤੀ ਵੀ ਸ਼ਾਮਲ ਹੈ, ਇਕ ਸੋਚੀ ਸਮਝੀ ਕੋਸ਼ਿਸ਼ ਹੈ।[11]

ਇਕ ਤਾਜ਼ਾ ਅਧਿਐਨ ਵਿਚ ਪਰਮਬੀਰ ਸਿੰਘ ਗਿੱਲ ਨੇ ਇਹ ਵਿਖਾਉਣ ਦੀ ਕੋਸ੍ਹਿ ਕੀਤੀ ਹੈ ਕਿ ਕਿਸ ਤਰ੍ਹਾਂ ਗ਼ਦਰੀਆਂ ਨੇ ਸਿੱਖ ਇਤਿਹਾਸ ਦੀਆਂ ਵੱਖ ਵੱਖ ਘਟਨਾਵਾਂ ਦਾ ਸਥਾਨਅੰਤਰਨ ਕਰਕੇ ਇਸ ਨੂੰ ਅੰਗਰੇਜ਼ੀ ਰਾਜ ਵਿਰੁੱਧ ਸੰਘਰਸ਼ ਵਿਚ ਆਪਣੇ ਲਿਖਤੀ ਪ੍ਰਚਾਰ ਵਿਚ ਵਰਤਿਆ।[12] ਦੇਸ਼ ਦੀ ਆਜ਼ਾਦੀ ਗ਼ਦਰੀਆਂ ਦੀ ਪਹਿਲੀ ਪ੍ਰਾਥਮਿਕਤਾ ਸੀ ਅਤੇ ਇਹ ਉਨ੍ਹਾਂ ਉੱਤੇ ਜ਼ਿੰਦਗੀ ਦੇ ਸਭ ਤੋਂ ਉੱਚੇ ਆਦਰਸ਼, ਸ਼ਹਾਦਤ, ਦੀ ਜ਼ਿੰਮੇਵਾਰੀ ਲਾਉਂਦੀ ਸੀ ਜੋ ਕਿ ਗ਼ਦਰ ਲਹਿਰ ਦਾ ਮੂਲ ਮੰਤਰ ਬਣ ਚੁੱਕਿਆ ਸੀ। ਗ਼ਦਰ ਦਾ ਆਦਰਸ਼ ਸੀ, "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ

ਧਰਿ ਤਲੀ ਗਲੀ ਮੇਰੀ ਆਉ ॥ ''[13] ਅਤੇ ਇਹ ਗੁਰੂ ਨਾਨਕ ਜੀ ਦੀ ਬਾਣੀ ਵਿੱਚੋਂ ਲਿਆ ਗਿਆ ਸੀ। ਇਹ ਤੁਕ ਅਖ਼ਬਾਰ ਦੇ ਮੁੱਖ ਪੰਨੇ ਦੇ ਉੱਪਰ ਉਘੇੜ ਕੇ ਲਿਖੀ ਹੁੰਦੀ ਸੀ ਅਤੇ ਇਹ ਮੌਤ ਤਕ ਸਮਰਪਣ ਦਾ ਪ੍ਰਤੀਕ ਸੀ।

ਆਜ਼ਾਦੀ ਕਿਉਂ ਜ਼ਰੂਰੀ ਸੀ? ਗ਼ਦਰ ਦੇ ਪਾਠਕਾਂ ਨੂੰ ਇਹ ਵਾਰ ਵਾਰ ਚੇਤੇ ਕਰਵਾਇਆ ਜਾਂਦਾ ਸੀ ਕਿ ਭਾਰਤ ਦੇ ਲੋਕ ਅੰਗਰੇਜ਼ਾਂ ਦੇ ਗੁਲਾਮ ਬਣ ਗਏ ਸਨ ਜੋ ਕਿ ਅਸਲ ਵਿੱਚ ਬਹੁਤ ਸ਼ਰਮ ਵਾਲੀ ਗੱਲ ਸੀ। ਅੰਗਰੇਜ਼ਾਂ ਦਾ ਰਾਜ ਭਾਰਤ ਵਿੱਚ ਬਹੁਤ ਅੱਤਿਆਚਾਰੀ ਅਤੇ ਜ਼ਾਲਮ ਸੀ। ਜ਼ਮੀਨ ਦਾ ਲਗਾਨ ਉਪਜ ਦੇ ਅੱਧ ਤੋਂ ਵੀ ਜ਼ਿਆਦਾ ਸੀ, ਇਸ ਤਰ੍ਹਾਂ ਲੱਖਾਂ ਰੁਪਏ ਲੁੱਟ ਕੇ ਹਰ ਸਾਲ ਇੰਗਲੈਂਡ ਭੇਜੇ ਜਾਂਦੇ ਸਨ। ਪਲੇਗ ਅਤੇ ਅਕਾਲ ਨਾਲ ਲੱਖਾਂ ਲੋਕ ਮਾਰੇ ਗਏ, ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵੰਡੀਆਂ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖਾਂ, ਵਾਸਤੇ ਤਾਂ ਇਹ ਹੋਰ ਵੀ ਨਮੋਸ਼ੀ ਵਾਲੀ ਗੱਲ ਸੀ ਕਿ ਉਨ੍ਹਾਂ ਦੇ ਧਾਰਮਿਕ ਸਥਾਨਾਂ ਜਿਵੇਂ ਕਿ ਹਰਿਮੰਦਰ ਸਾਹਿਬ ਅਤੇ ਵਿੱਦਿਅਕ ਅਦਾਰੇ ਜਿਵੇਂ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਆਦਿ ਇਨ੍ਹਾਂ ਵਿਦੇਸ਼ੀਆਂ ਦੇ ਅਧੀਨ ਸਨ। ਸਿੱਖਾਂ ਨੂੰ ਆਪਣੀ ਮਾਤਭੂਮੀ ਦੀ ਆਜ਼ਾਦੀ ਲਈ ਲੜਨ ਵਾਸਤੇ ਜਾਗਰੂਕ ਕਰਨ ਲਈ ਬਹਾਦਰੀ ਅਤੇ ਕੁਰਬਾਨੀ ਵਾਲੀ ਸਿੱਖ ਪਰੰਪਰਾ ਦੇ ਹਵਾਲੇ ਵਾਰ ਵਾਰ ਦਿੱਤੇ ਜਾਂਦੇ ਸਨ। ਜਿਵੇਂ ਕਿ, 'ਇੱਕ ਸਿੱਖ ਸਵਾ-ਸਵਾ ਲੱਖ ਨਾਲ ਲੜਨ ਦੇ ਕਾਬਲ ਹੈ ਪਰ ਇਹ ਕਿੰਨੀ ਸ਼ਰਮ ਅਤੇ ਬੇਇੱਜ਼ਤੀ ਵਾਲੀ ਗੱਲ ਹੈ ਕਿ ਇਸ ਸ਼ੇਰਾਂ ਦੀ ਨਸਲ ਨੇ ਵਿਦੇਸ਼ੀ ਹਾਕਮਾਂ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਭੇਡਾਂ ਬਣ ਗਏ ਹਨ। ਉਨ੍ਹਾਂ ਨੂੰ ਉਨ੍ਹਾਂ ਦੇ ਸ਼ਹੀਦਾਂ ਦੀ ਯਾਦ ਦਵਾਈ ਜਾਂਦੀ ਸੀ ਜਿਨ੍ਹਾਂ ਵਿੱਚ ਗੁਰੂ ਤੇਗ ਬਹਾਦਰ, ਮਤੀ ਦਾਸ, ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ, ਭਾਈ ਮਹਿਤਾਬ ਸਿੰਘ ਮੀਰਾਂਕੋਟੀਆ, ਭਾਈ ਸੁਬੇਗ ਸਿੰਘ ਅਤੇ ਬਾਬਾ ਦੀਪ ਸਿੰਘ ਸ਼ਾਮਲ ਸਨ। ਉਨ੍ਹਾਂ ਨੂੰ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਚੇਤੇ ਕਰਵਾਈਆਂ ਜਾਂਦੀਆਂ ਸਨ ਜਿਨ੍ਹਾਂ ਨੇ ਪਰਉਪਕਾਰ ਵਾਸਤੇ ਅਤੇ ਹਰ ਤਰ੍ਹਾਂ ਦੇ ਅੱਤਿਆਚਾਰ, ਬੇਇਨਸਾਫ਼ੀ ਅਤੇ ਜ਼ੁਲਮ ਵਿਰੁੱਧ ਲੜਨ ਵਾਸਤੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਹੋਰ ਨਾਇਕਾਂ ਦੇ ਹਵਾਲੇ ਵੀ ਦਿੱਤੇ ਗਏ ਜਿਨ੍ਹਾਂ ਵਿੱਚ ਹਰੀ ਸਿੰਘ ਨਲੂਆ, ਸ਼ਾਮ ਸਿੰਘ ਅਟਾਰੀਵਾਲਾ, ਰਾਜਾ ਸ਼ੇਰ ਸਿੰਘ, ਭਾਈ ਰਾਮ ਸਿੰਘ ਅਤੇ ਕੂਕੇ ਸ਼ਾਮਲ ਸਨ।

ਇਸ ਪ੍ਰੇਰਨਾ ਦੇ ਵਾਰਤਾਲਾਪ ਦਾ ਨਿਚੋੜ ਇਹੋ ਹੀ ਨਿਕਲਦਾ ਸੀ ਕਿ, 'ਜਿੱਥੇ ਗੁਲਾਮੀ ਦਾ ਬੋਲਬਾਲਾ ਹੋਵੇ ਉੱਥੇ ਸੱਚਾ ਧਰਮ ਨਹੀਂ ਰਹਿ ਸਕਦਾ, ਕਿਉਂਕਿ ਗ਼ੁਲਾਮੀ ਸਿੱਧਾ ਹੀ ਨਰਕ ਨੂੰ ਜਾਣ ਦਾ ਰਾਹ ਹੈ। ਇਸ ਲਈ ਆਪਣੇ ਦੇਸ਼ ਦੀ ਆਜ਼ਾਦੀ ਵਾਸਤੇ ਲੜਨਾ ਹਰੇਕ ਵਿਅਕਤੀ ਦਾ ਫਰਜ਼ ਸੀ ਭਾਵੇਂ ਇਸ ਲਈ ਜਾਨ ਕੁਰਬਾਨ ਕਰਨ ਦੀ ਲੋੜ ਪਵੇ ਅਤੇ ਇਹ ਸ਼ਾਨ ਵਾਲੀ ਗੱਲ ਸੀ। ਹਿੰਦੂ, ਮੁਸਲਮਾਨ, ਬੰਗਾਲੀ ਅਤੇ ਸਿੱਖ ਸਾਰਿਆਂ ਨੂੰ ਸਲਾਹ ਦਿੱਤੀ ਗਈ ਉਹ ਆਪਣੇ ਧਰਮ ਨੂੰ ਇੱਕ ਪਾਸੇ ਰੱਖ ਕੇ ਆਪਣੇ ਦੇਸ਼ ਦੀ ਆਜ਼ਾਦੀ ਲਈ ਇਕੱਠੇ ਹੋ ਜਾਣ। ਜਦੋਂ ਸੋਹਣ ਸਿੰਘ ਭਕਨਾ ਨੂੰ ਪੁੱਛਿਆ ਗਿਆ ਕਿ ਧਾਰਮਿਕ ਦ੍ਰਿਸ਼ਟੀਕੋਣ ਤੋਂ ਉਸਦਾ ਆਦਰਸ਼ ਕੌਣ ਸੀ ਤਾਂ ਉਸ ਨੇ ਉੱਤਰ ਦਿੱਤਾ, 'ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਏਕਤਾ ਵਾਸਤੇ ਆਸਾਧਾਰਨ ਭਾਵਨਾ ਤੋਂ ਪ੍ਰੇਰਿਤ ਹੋਇਆ ਹਾਂ।

ਇਸ ਤਰ੍ਹਾਂ ਦੀਆਂ ਲੇਖਣੀਆਂ ਰਾਹੀਂ ਗ਼ਦਰ ਦੇ ਆਗੂਆਂ ਨੇ ਪੰਜਾਬੀਆਂ ਨੂੰ ਇਹ ਮਹਿਸੂਸ ਕਰਵਾਇਆ ਕਿ ਧੱਕੇਸ਼ਾਹੀ ਅਤੇ ਬੇਇਨਸਾਫ਼ੀ ਵਿਰੁੱਧ ਖੜ੍ਹੇ ਹੋਣ ਦਾ ਉਨ੍ਹਾਂ ਦਾ ਲੰਮਾ ਅਤੇ ਮਾਣਮੱਤਾ ਇਤਿਹਾਸ ਹੈ। ਉਨ੍ਹਾਂ ਨੂੰ ਆਪਣੇ ਅਮੀਰ ਵਿਰਸੇ ਤੋਂ ਸਿੱਖਿਆ ਲੈਣ ਤੇ ਪੰਜਾਬ ਦੇ ਮਹਾਨ ਨਾਇਕਾਂ ਦੇ ਨਕਸ਼ੇ ਕਦਮ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਗਈ। ਇੱਥੇ ਇਹ ਦੱਸਣਾ ਉੱਚਿਤ ਹੋਵੇਗਾ ਕਿ ਜਵਾਲਾ ਸਿੰਘ ਮੁਤਾਬਕ ਖਾਲਸਾ ਦੀਵਾਨ ਸੁਸਾਇਟੀ ਆਫ ਦ ਪੈਸਿਫਿਕ ਕੋਸਟ ਨਾਲ ਸਬੰਧਤ ਮੈਂਬਰਾਂ ਅਤੇ ਹੋਰਨਾਂ ਨੇ ਸਿੱਖਾਂ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਖੜ੍ਹੇ ਹੋ ਕੇ ਆਪਣੀਆਂ ਜਾਨਾਂ ਅਤੇ ਹੋਰ ਸਾਧਨ ਭਾਰਤ ਦੀ ਆਜ਼ਾਦੀ ਨੂੰ ਸਮਰਪਿਤ ਕਰਨ ਦੀ ਰਸਮੀ ਸਹੁੰ ਚੁੱਕੀ।[14]

'ਖ਼ਾਲਸਾ' ਸਿਰਲੇਖ ਅਧੀਨ ਸੰਨ 1907 ਵਿਚ ਇਕ ਕਿਤਾਬਚਾ ਵੰਡਿਆ ਗਿਆ ਜਿਹੜਾ ਕਿ ਖ਼ਾਸ ਤੌਰ ਤੇ ਸਿੱਖ ਸਮਾਜ ਨੂੰ ਸੰਬੋਧਿਤ ਸੀ। ਇਸ ਦਾ ਮੰਤਵ ਦੇਸ਼ ਨੂੰ ਫਿਰੰਗੀਆਂ ਤੋਂ ਆਜ਼ਾਦ ਕਰਵਾਉਣ ਲਈ ਸਿੱਖਾਂ ਨੂੰ ਤਲਵਾਰ ਚੁੱਕਣ ਲਈ ਜਾਗਰੂਕ ਕਰਨਾ ਸੀ। ਸੰਨ 1857 ਦੇ ਗ਼ਦਰ ਵਿਚ ਕਮਜ਼ੋਰ ਹੁੰਗਾਰਾ ਭਰਨ ਕਰਕੇ ਸਿੱਖਾਂ ਨੂੰ ਝਾੜ ਪਾਉਂਦੇ ਹੋਏ ਇਹ ਵਿਚਾਰ ਦਿੱਤਾ ਸੀ ਕਿ ਗੁਰੂ ਨੇ ਜਿਹੜੀ ਤਲਵਾਰ ਧਰਮ ਅਤੇ ਦੇਸ਼ ਦੀ ਰਾਖੀ ਵਾਸਤੇ ਦਿੱਤੀ ਸੀ ਉਸ ਦਾ ਸਿੱਖਾਂ ਨੇ ਦਗਾ ਕਰਕੇ ਸੌਦਾ ਕਰ ਲਿਆ ਹੈ।[15] "ਹੁਣ ਆਪਣੇ ਨਾਉਂ ਤੋਂ ਜਾਂ ਤਾਂ ਸਿੰਘਾਂ ਦਾ ਪਦ ਹਟਾ ਦਿਓ..... ਨਹੀਂ ਸ਼ੇਰ ਬਣ ਕੇ ਮੈਦਾਨ ਵਿੱਚ ਆ ਜਾਓ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਹੋਏ ਖ਼ਿਤਾਬ ਦੀ ਇੱਜ਼ਤ ਕਰੋ।[16]

ਸਤਾਰਵੀਂ ਅਤੇ ਅਠਾਰਵੀਂ ਸਦੀ ਦੀਆਂ ਇਤਿਹਾਸਕ ਸਿੱਖ ਸ਼ਖ਼ਸੀਅਤਾਂ ਦੀ ਬਹਾਦਰੀ, ਹੌਸਲੇ ਅਤੇ ਨਿਡਰਤਾ ਦੀਆਂ ਸਿਫ਼ਤਾਂ ਕੇਵਲ ਪ੍ਰੇਰਨਾਤਮਕ ਮੰਤਵ ਨਾਲ ਹੀ ਨਹੀਂ ਸਨ ਕੀਤੀਆਂ ਜਾਂਦੀਆਂ ਸਗੋਂ ਇਹ ਵੀਹਵੀਂ ਸਦੀ ਦੇ ਸਿੱਖਾਂ ਦੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਵਿਚ ਇੱਕ ਆਦਰਸ਼ ਵਜੋਂ ਪਰਿਵਰਤਿਤ ਹੋ ਗਈਆਂ ਸਨ।

ਗ਼ਦਰ ਦੀ ਗੂੰਜ ਵਿਚ ਗਿਆਰ੍ਹਵੇਂ ਬੈਂਤ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ ਜਿਸ ਦਾ ਵਿਸ਼ਾ ਹੈ 'ਪੰਥ ਅੱਗੇ ਪੁਕਾਰ।' ਇਹ ਗੁਰੂ ਗੋਬਿੰਦ ਸਿੰਘ ਜੀ ਦੇ ਯਤਨਾਂ ਦੀ ਸ਼ਲਾਘਾ ਕਰਦਾ ਹੈ ਜਿਨ੍ਹਾਂ ਨੇ ਭਾਰਤ ਦੀ ਰੱਖਿਆ ਵਾਸਤੇ ਆਪਣੇ ਬੱਚੇ ਕੁਰਬਾਨ ਕਰ ਦਿੱਤੇ ਅਤੇ ਭਾਰਤ ਵਰਸ਼ ਵਿੱਚੋਂ ਜ਼ੁਲਮ ਦਾ ਖ਼ਾਤਮਾ ਕੀਤਾ। ਇਹ ਇਸ ਤਰ੍ਹਾਂ ਹੈ:

**(ਸ੍ਰੀ ਮੁੱਖਵਾਕ)**

ਸੂਰਾ ਸੋ ਪਹਿਚਾਨੀਐ ਜੋ ਲੜੈ ਦੀਨ ਕੇ ਹੇਤ॥
ਪੁਰਜ਼ਾ ਪੁਰਜ਼ਾ ਕਟ ਮਰੇ ਕਬੂ ਨਾ ਛੋੜੇ ਖੇਤ॥ [17]
ਪਰ ਉਪਕਾਰ ਕਾਰਨ ਗੁਰਾਂ ਸਾਜਿਆ ਸੀ।
ਹੱਥੀਂ ਕੀਤੀ ਸੀ ਜੰਗ ਕਮਾਲ ਸਿੰਘੋ॥
ਭਾਰਤ ਵਰਸ਼ ਤੋਂ ਜ਼ੁਲਮ ਹਟਾਇਆ ਸੀ।
ਬਹੁਤ ਕਰਕੇ ਜੰਗੇ ਜੁਦਾਲ ਸਿੰਘੋ॥
ਇਸ ਹਿੰਦ ਦੀ ਰੱਖਿਆ ਕਰਨ ਖ਼ਾਤਰ।
ਵਾਰ ਦਿੱਤੇ ਸੀ ਜਿਗਰ ਦੇ ਲਾਲ ਸਿੰਘੋ॥
ਜਿੰਨਾ ਮਜ਼ਾ ਲੜਾਈ ਦਾ ਰੱਖਿਆ ਸੀ।
ਦੱਸ ਗਏ ਸੀ ਸੋਹਣੀ ਚਾਲ ਸਿੰਘੋ॥
ਜੰਗ ਵਿਚ ਪਾ ਕੇ ਸ਼ਹੀਦੀਆਂ ਨੂੰ।
ਜਦੋਂ ਸੱਦਿਆ ਆਪ ਅਕਾਲ ਸਿੰਘੋ॥
ਭਾਰਤ ਮਾਤ ਦਾ ਜ਼ੁਲਮ ਮਿਟਾਣ ਖ਼ਾਤਰ।
ਚੁਣੇ ਗਏ ਸੀ ਵਿੱਚ ਦੁਵਾਲ ਸਿੰਘੋ॥
ਜੰਗ ਕਰਨ ਦੀ ਸਿੱਖਿਆ ਖੂਬ ਦਿੱਤੀ।
ਗੁਰਾਂ ਹੋਕੇ ਬਹੁਤ ਦਿਆਲ ਸਿੰਘੋ॥
ਜਦੋਂ ਆਪ ਗੁਰ ਪੂਰੀ ਤਿਆਰ ਹੋਏ।
ਬੰਦਾ ਭੇਜਿਆ ਸਾਡਾ ਰਖਵਾਲ ਸਿੰਘੋ॥
ਬੰਦੇ ਆਏ ਕੇ ਰੱਖਿਆ ਖੂਬ ਕੀਤੀ।
ਜਦੋਂ ਪੰਥ ਹੋਇਆ ਮਾਲੋ ਮਾਲ ਸਿੰਘੋ॥
ਜਦੋਂ ਬੰਦੇ ਨੇ ਗਮਨ ਪਰਲੋਕ ਕੀਤਾ।
ਕੰਮ ਪੰਥ ਨੇ ਲਿਆ ਸੰਭਾਲ ਸਿੰਘੋ॥
ਪੰਥ ਵਿੱਚ ਹੋਏ ਕਈ ਸਿੰਘ ਸੂਰੇ।
ਜਿਹੜੇ ਪੰਥ ਦੇ ਬਣੇ ਰਖਵਾਲ ਸਿੰਘੋ॥
ਉਨ੍ਹਾਂ ਬਹੁਤ ਮੁਸੀਬਤਾਂ ਝੱਲੀਆਂ ਸੀ।
ਹੱਥੋਂ ਛੱਡੀ ਨਾ ਤੇਗ ਅਤੇ ਢਾਲ ਸਿੰਘੋ॥
ਪਿੱਛੋਂ ਸਿੰਘ ਰਣਜੀਤ ਨੇ ਜ਼ੋਰ ਪਾਇਆ।
ਕੀਤਾ ਆਕੀਆਂ ਦਾ ਮੰਦ ਹਾਲ ਸਿੰਘੋ॥
ਹਰੀ ਸਿੰਘ ਵਰਗੇ ਜਰਨੈਲ ਸੂਰੇ।
ਨੇਕ ਦਿਲ ਆਜ਼ਾਦ ਖਿਯਾਲ ਸਿੰਘੋ॥
ਫੂਲਾ ਸਿੰਘ ਅਕਾਲੀ ਸੀ ਵੱਡਾ ਸੂਰਾ।
ਨਿੱਤ ਰੱਖਦਾ ਓਟ ਆਕਾਸ਼ ਸਿੰਘੋ॥
ਮਾਰੇ ਪਾਪੀਆਂ ਕਰ ਖਵਾਰ ਵੀਰੇ।
ਬੋਲੇ ਮੁੱਖੋਂ ਅਕਾਲ ਅਕਾਲ ਸਿੰਘੋ॥
ਜਦੋਂ ਇਹ ਪਰਲੋਕ ਸੁਧਾਰ ਗਏ।
ਅਸੀਂ ਭੁੱਲ ਗਏ ਆਪਣੀ ਚਾਲ ਸਿੰਘੋ॥
ਰਾਹ ਛੱਡ ਕੇ ਅਸੀਂ ਕੁਰਾਹੇ ਪੈ ਗਏ।
ਤਾਹੀ ਹੋਏ ਹਾਂ ਬਹੁਤ ਨੇਢਾਲ ਸਿੰਘੋ॥
... ਅੱਜ ਸਿੰਘ ਸੁਬੇਗ ਸੁਬਾਜ਼ ਹੁੰਦੇ।
ਦੇਂਦੇ ਚਰਖੜੀ ਚਾਹੜ ਦਿਖਾਲ ਸਿੰਘੋ॥
ਜੇਕਰ ਅੱਜ ਹੁੰਦਾ ਦੀਪ ਸਿੰਘ ਸੂਰਾ।
ਹਥ ਪਕੜਦਾ ਤੇਗ ਅਤੇ ਢਾਲ ਸਿੰਘੋ॥
ਮੀਰਾਂ ਕੋਟੀਆਂ ਸਿੰਘ ਮੁਤਾਬ ਹੁੰਦਾ।
ਦਿੰਦਾ ਗੋਰਿਆਂ ਹੱਥ ਵਖਾਲ ਸਿੰਘੋ॥
ਅਸੀਂ ਉਨ੍ਹਾਂ ਦੇ ਪੁੱਤ ਤੇ ਪੋਤਰੇ ਹਾਂ।
ਸਾਨੂੰ ਆਵੇ ਨਾ ਸ਼ਰਮ ਰੁਵਾਲ ਸਿੰਘੋ॥.. [18]

ਉਸ ਸਮੇਂ ਦੇ ਸਿੱਖਾਂ ਨੂੰ ਉਨ੍ਹਾਂ ਦੇ ਗੁਰੂਆਂ ਅਤੇ ਹੋਰ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਵਾਰ ਵਾਰ ਹਵਾਲੇ ਦੇ ਕੇ ਯਾਦ ਕਰਵਾਇਆ ਜਾਂਦਾ ਸੀ ਕਿ ਜੇ ਅੰਗਰੇਜ਼ੀ ਰਾਜ ਦਾ ਖਾਤਮਾ ਚਾਹੁੰਦੇ ਹੋ ਤਾਂ ਉਨ੍ਹਾਂ ਦੇ ਰਸਤੇ ਤੇ ਚਲਿਆ ਜਾਵੇ। ਅਸਲ ਵਿੱਚ ਉਸ ਮਹਾਨ ਵਿਰਸੇ ਦੇ ਵਾਰਸ ਹੋਣ ਕਰਕੇ ਸਿੱਖਾਂ ਨੂੰ ਅੰਗਰੇਜ਼ਾਂ ਦੇ ਜਬਰ ਵਿਰੁੱਧ ਉੱਠ ਖੜ੍ਹੇ ਹੋਣ ਲਈ ਪ੍ਰੇਰਿਆ ਜਾਂਦਾ ਸੀ ਨਹੀਂ ਤਾਂ ਉਹ ਆਪਣੇ ਧਰਮ ਦੀਆਂ ਉਨ੍ਹਾਂ ਸਤਿਕਾਰਤ ਸ਼ਖ਼ਸੀਅਤਾਂ ਦਾ ਨਿਰਾਦਰ ਕਰ ਰਹੇ ਹੋਣਗੇ।

ਸੋ ਜਿਸ ਤਰ੍ਹਾਂ ਸਤਾਰਵੀਂ ਅਤੇ ਅਠਾਰਵੀਂ ਸਦੀ ਦੇ ਸਿੱਖਾਂ ਨੇ ਜ਼ੁਲਮ ਦੇ ਖਾਤਮੇ ਲਈ ਸਾਰੀਆਂ ਦੇ ਮੁਸ਼ਕਲਾਂ ਦੇ ਬਾਵਜੂਦ ਬਹਾਦਰੀ ਨਾਲ ਸੰਘਰਸ਼ ਕੀਤਾ ਉਸੇ ਤਰ੍ਹਾਂ ਵੀਹਵੀਂ ਸਦੀ ਦੇ ਸਿੱਖਾਂ ਨੂੰ ਵੀ ਅੰਗਰੇਜ਼ ਵਿਰੋਧੀ ਸੰਘਰਸ਼ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ। ਅਤੇ ਇਹ ਵੀ ਕਿਹਾ ਜਾ ਰਿਹਾ ਸੀ ਕਿ ਕੇਵਲ ਇਸ ਸੰਘਰਸ਼ ਦੁਆਰਾ ਹੀ

ਗੁਰੂ ਅਤੇ ਸਿੱਖ ਦੀ ਇੱਜ਼ਤ ਤੇ ਸ਼ਾਨ ਬਰਕਰਾਰ ਰੱਖੀ ਜਾ ਸਕਦੀ ਹੈ। ਇਸ ਤਰ੍ਹਾਂ ਵਿਦਰੋਹ/ਬਗ਼ਾਵਤ ਨੂੰ ਇੱਕ ਜ਼ਰੂਰੀ ਧਾਰਮਿਕ ਰੀਤ ਵਜੋਂ ਸਥਾਪਤ ਕਰਨ ਖਾਤਰ ਪਿਛਲੇ ਇਤਿਹਾਸ ਅਤੇ ਮੌਜੂਦਾ ਸਮੇਂ ਵਿਚਕਾਰ ਨਿਰੰਤਰਤਾ ਬਣਾਈ ਗਈ ਸੀ।[19]

ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਉੱਭਰੀ ਗੁਰਦੁਆਰਾ ਸੁਧਾਰ ਲਹਿਰ ਦਾ ਪੰਜਾਬ ਦੇ ਆਜ਼ਾਦੀ ਦੇ ਸੰਘਰਸ਼ ਵਿੱਚ ਮਹੱਤਵਪੂਰਨ ਸਥਾਨ ਹੈ। ਇਸ ਨੂੰ 'ਅਕਾਲੀ ਲਹਿਰ' ਵਜੋਂ ਵੀ ਨਾਮ ਦਿੱਤਾ ਗਿਆ, ਜਿਹੜਾ ਕਿ ਅਠਾਰ੍ਹਵੀਂ ਸਦੀ ਦੇ ਉਸ ਜਥੇ ਦੇ ਨਾਮ ਦੀ ਮੁੜ ਸੁਰਜੀਤੀ ਸੀ ਜਿਸ ਨੇ ਦਲ ਖ਼ਾਲਸਾ ਨੂੰ ਜੰਗਾਂ ਲੜਨ ਵੱਲ ਤੋਰਿਆ। 14 ਦਸੰਬਰ 1920 ਨੂੰ ਸਥਾਪਤ ਕੀਤੇ ਅਕਾਲੀ ਦਲ ਨੇ ਬ੍ਰਿਟਿਸ਼ ਪੰਜਾਬ ਦੀ ਸਭ ਤੋਂ ਵੱਡੀ ਲੋਕ ਲਹਿਰ ਸ਼ੁਰੂ ਕੀਤੀ।[20] ਤਿੰਨ ਸਾਲ ਦੇ ਸਮੇਂ ਵਿਚ ਉਨ੍ਹਾਂ ਦਰਸਾ ਦਿੱਤਾ ਕਿ ਕਿਸ ਤਰ੍ਹਾਂ ਸਾਂਤਮਈ ਵਿਰੋਧਤਾ ਭਾਰਤ ਦੇ ਸ਼ਾਸਕਾਂ ਉੱਪਰ ਇਖ਼ਲਾਕੀ ਜਿੱਤ ਪ੍ਰਾਪਤ ਕਰ ਸਕਦੀ ਹੈ। ਉਨ੍ਹਾਂ ਨੇ ਇਹ ਕਰਕੇ ਆਜ਼ਾਦੀ ਦਾ ਮਾਰਗ ਦਰਸਾ ਦਿੱਤਾ ਜਿਸ ਨਾਲ ਦੇਸ਼ ਵਾਸੀਆਂ ਤੇ ਚੰਗਾ ਪ੍ਰਭਾਵ ਪਿਆ ਤੇ ਉਹ ਸਵਰਾਜ ਲਈ ਕੁਰਬਾਨੀਆਂ ਕਰਨ ਵਾਸਤੇ ਪ੍ਰੇਰਿਤ ਹੋਏ। ਜੇ. ਐਸ. ਗਰੇਵਾਲ ਲਿਖਦੇ ਹਨ, "ਅਕਾਲੀਆਂ ਨੂੰ ਵੇਖਣ ਦਾ ਸਭ ਤੋਂ ਵਧੀਆ ਤਰੀਕਾ ਹੈ ਉਨ੍ਹਾਂ ਨੂੰ ਵਡੇਰੀ ਸਿੱਖ ਪਰੰਪਰਾ ਦੇ ਸੰਬੰਧ ਵਿਚ ਵੇਖਣਾ।"[21] ਉਨ੍ਹਾਂ ਦੀ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਸੀ ਜਿਸ ਨੂੰ ਅਕਾਲੀ ਆਪਣਾ ਗੁਰੂ ਮੰਨਦੇ ਹਨ । ਇਹ ਉਨ੍ਹਾਂ ਦੀਆਂ ਮਾਨਤਾਵਾਂ, ਕਦਰਾਂ ਕੀਮਤਾਂ, ਰਵੱਈਏ ਅਤੇ ਪ੍ਰੇਰਨਾ ਦਾ ਸੋਮਾ ਸੀ।[22]

ਵੀਹਵੀਂ ਸਦੀ ਦੇ ਅਕਾਲੀ ਰੱਬ ਨੂੰ ਇਸ ਹੱਦ ਤੱਕ ਸਮਰਪਿਤ ਸਨ ਕਿ ਨਿਆਂਕਾਰੀ ਮੰਤਵ ਦੀ ਪ੍ਰਾਪਤੀ ਲਈ ਉਹ ਆਪਣੀਆਂ ਜਾਨਾਂ ਤਕ ਵਾਰ ਦਿੰਦੇ ਸਨ। ਉਨ੍ਹਾਂ ਦੀ ਗੁਰਦੁਆਰਿਆਂ ਵਿੱਚ ਰੁਚੀ, ਉਨ੍ਹਾਂ ਦੀ ਇਹ ਮਾਨਤਾ ਕਿ ਉਹ ਸਿੱਖ ਪੰਥ ਵੱਲੋਂ ਕਾਰਜ ਕਰਦੇ ਹਨ, ਆਦਿ ਗ੍ਰੰਥ ਦੇ ਨਿਵੇਕਲਾ ਸਿੱਖ ਧਾਰਮਿਕ ਗ੍ਰੰਥ ਹੋਣ ਦਾ ਉਨ੍ਹਾਂ ਦਾ ਵਿਸ਼ਵਾਸ਼, ਨਿਵੇਕਲੀ "ਸਿੰਘ" ਪਛਾਣ ਪ੍ਰਤੀ ਫ਼ਿਕਰਮੰਦ ਹੋਣਾ, ਡੂੰਘੀ ਸਮਾਜਿਕ ਰਾਜਨੀਤਕ-ਵਚਨਬੱਧਤਾ- ਇਹ ਸਭ ਆਖ਼ਿਰ ਵਿੱਚ, ਪੂਰਵ- ਬਸਤੀਵਾਦੀ ਸਿੱਖ ਪਰੰਪਰਾਵਾਂ ਦੇ ਵਿਰਸੇ ਵਿੱਚੋਂ ਹੀ ਨਿਕਲਦੀਆਂ ਹਨ।[23]

ਸਿੰਘ ਸਭਾ ਦੇ ਪ੍ਰੋਗਰਾਮ ਅਧੀਨ ਸਿੱਖਾਂ ਨੂੰ ਆਪਣੇ ਆਪ ਵਿੱਚ ਸਮਾਜਿਕ ਅਤੇ ਵਿੱਦਿਅਕ ਪੱਖ ਤੋਂ ਸੁਧਾਰ ਲਿਆਉਣ ਦੀ ਪ੍ਰੇਰਨਾ ਦਿੱਤੀ ਗਈ। ਗੁਰਦੁਆਰਾ ਸੁਧਾਰ ਲਹਿਰ ਦੇ ਅਧੀਨ ਸਿੱਖਾਂ ਨੂੰ ਵਿਦੇਸ਼ੀ ਹਕੂਮਤ ਦੀਆਂ ਬੇਇਨਸਾਫ਼ੀਆਂ ਵਿਰੁੱਧ ਆਵਾਜ਼ ਉਠਾਉਣ ਲਈ ਪ੍ਰੇਰਿਤ ਕੀਤਾ ਗਿਆ।

ਗੁਰਦੁਆਰਾ ਸੁਧਾਰ ਲਹਿਰ ਕੇਵਲ ਸਾਧਾਰਨ ਧਾਰਮਿਕ ਗਤੀਵਿਧੀ ਨਹੀਂ ਸੀ ਸਗੋਂ ਇਸ ਦੀਆਂ ਮਹੱਤਵਪੂਰਨ ਰਾਜਨੀਤਕ ਸੁਰਾਂ ਵੀ ਸਨ ਕਿਉਂਕਿ ਇਹ ਅੰਗਰੇਜ਼ੀ ਹਕੂਮਤ ਵਿਰੁੱਧ ਇਕ ਦਲੇਰ ਅਤੇ ਹੌਸਲੇ ਭਰੇ ਪਰ ਸ਼ਾਂਤਮਈ ਵਿਰੋਧ ਨੂੰ ਪ੍ਰਗਟ ਕਰਦੀ ਸੀ। ਸਰਦੂਲ ਸਿੰਘ ਕਵੀਸ਼ਰ ਇਸ ਨੂੰ ਸਿੱਖਾਂ ਦੀ ਤੀਜੀ ਲੜਾਈ ਆਖਦਾ ਹੈ।[24] ਮੌਜੂਦਾ ਸਮੇਂ ਦੇ ਸਿੱਖਾਂ ਨੂੰ ਪ੍ਰੇਰਨਾ ਦੇਣ ਵਾਸਤੇ ਸਥਾਨਕ ਸਿੱਖ ਪ੍ਰੈਸ ਵੱਲੋਂ ਬੀਤੇ ਇਤਿਹਾਸ ਦੇ ਸਿੱਖ ਸ਼ਹੀਦਾਂ ਦੁਆਰਾ ਝੱਲੇ ਗਏ ਤਸੀਹਿਆਂ ਬਾਰੇ ਅਕਸਰ ਪ੍ਰਕਾਸ਼ਨਾਵਾਂ ਕੀਤੀਆਂ ਜਾਂਦੀਆਂ ਸਨ, ਤਾਂ ਜੋ ਉਹ ਵੀ ਬਿਨਾਂ ਕਿਸੇ ਡਰ ਤੋਂ ਕੁਰਬਾਨੀ ਦੇਣ ਲਈ ਤਿਆਰ ਰਹਿਣ, ਉਨ੍ਹਾਂ ਵਿੱਚ ਬਹਾਦਰੀ ਤੇ ਹੌਸਲਾ ਆਵੇ ਤੇ ਉਹ ਮੌਤ ਤੋਂ ਨਾ ਡਰਨ। ਇਸ ਤਰ੍ਹਾਂ ਦੀਆਂ ਮਿਸਾਲਾਂ ਨੂੰ ਉਭਾਰ ਕੇ ਪੇਸ਼ ਕਰਨ ਨਾਲ, ਜਿਨ੍ਹਾਂ ਵਿੱਚ ਦਹਿਲਾ ਦੇਣ ਵਾਲੇ ਤਸੀਹੇ ਦਿੱਤੇ ਗਏ ਅਤੇ ਨਿਰਸਵਾਰਥ ਕੁਰਬਾਨੀਆਂ ਕੀਤੀਆਂ ਗਈਆਂ, ਸਿੱਖਾਂ ਵਿੱਚ ਪਿੰਡਾਂ ਅਤੇ ਘਰਾਂ ਨੂੰ ਛੱਡ ਕੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਾਮਲ ਹੋਣ ਦੀ ਦਲੇਰੀ ਆਈ।

ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ ਉਹ ਧਾਰਮਿਕ ਪਲੇਟਫਾਰਮ ਤੇ ਕੰਟਰੋਲ ਕਰਨ ਦੇ ਯਤਨ, ਜਿਨ੍ਹਾਂ ਕਰ ਕੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ, ਅੰਗਰੇਜ਼ਾਂ ਦੀ ਪੰਜਾਬ ਉੱਪਰ ਜਿੱਤ ਤੋਂ ਕਾਫੀ ਪਹਿਲਾਂ ਸ਼ੁਰੂ ਹੋ ਚੁੱਕੇ ਸਨ।[25] ਰਤਨ ਸਿੰਘ ਭੰਗੂ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ, ਦੀਪ ਸਿੰਘ, ਗੁਰਬਖ਼ਸ਼ ਸਿੰਘ ਨਿਹੰਗ, ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਦੀਆਂ ਮਿਸਾਲਾਂ ਦਿੰਦਾ ਹੈ ਜਿਨ੍ਹਾਂ ਨੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਕੁਰਬਾਨੀਆਂ ਦਿੱਤੀਆਂ ਜਾਂ ਸਿਰ ਤਲੀ ਤੇ ਧਰਿਆ। ਉਸ ਵੇਲੇ ਦੇ ਸਮਕਾਲੀ ਸਿੱਖਾਂ ਨੂੰ ਲੋੜ ਪੈਣ ਤੇ ਜਾਨਾਂ ਕੁਰਬਾਨ ਕਰਨ ਲਈ ਪ੍ਰੇਰਿਤ ਕਰਨ ਵਾਸਤੇ ਇਹ ਆਮ ਹੀ ਪ੍ਰਚਾਰ ਕੀਤਾ ਜਾਂਦਾ ਸੀ ਕਿ ਦਰਬਾਰ ਸਾਹਿਬ ਵਿਚ ਇੱਟਾਂ ਨਾਲੋਂ ਸਿੱਖ ਸ਼ਹੀਦਾਂ ਦੀਆਂ ਖੋਪਰੀਆਂ ਕਿਤੇ ਜ਼ਿਆਦਾ ਹਨ।

ਲਾਲਾ ਲਾਜਪਤ ਰਾਏ ਅਤੇ ਗਾਂਧੀ ਵਰਗੀ ਕਾਂਗਰਸੀ ਆਗੂਆਂ ਨੇ ਵੀ ਗੁਰਦੁਆਰਾ ਸੁਧਾਰ ਲਹਿਰ ਦੀ ਸ਼ਲਾਘਾ ਕੀਤੀ।[26] ਆਪਣੇ ਵੱਲੋਂ ਗੁਰਦੁਆਰਾ ਸੁਧਾਰ

ਲਹਿਰ ਦੇ ਆਗੂਆਂ ਨੇ ਵੀ ਸਿੱਖਾਂ ਨੂੰ ਸੰਘਰਸ਼ ਦੇ ਗਾਂਧੀਵਾਦੀ ਤਰੀਕੇ ਅਪਨਾਉਣ ਦੀ ਬੇਨਤੀ ਕੀਤੀ, ਜਿਵੇਂ ਕਿ ਵਿਦੇਸ਼ੀ ਸਾਮਾਨ ਦਾ ਬਾਈਕਾਟ ਅਤੇ ਖੱਦਰ ਪਹਿਨਣਾ ਆਦਿਕ।

ਗਾਂਧੀ ਦਾ ਭਾਰਤੀ ਰਾਜਨੀਤਕ ਪਲੇਟਫਾਰਮ ਤੇ ਆਉਣਾ ਮਹੱਤਵਪੂਰਨ ਘਟਨਾ ਹੈ ਅਤੇ ਇਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਿਆਸੀ ਵਿਚਾਰਧਾਰਾ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਦੇ ਅਹਿੰਸਕ ਵਿਰੋਧ ਦੇ ਤਰੀਕਿਆਂ ਦੀ ਪੰਜਾਬ ਦੇ ਲੋਕਾਂ ਵੱਲੋਂ ਸ਼ਲਾਘਾ ਕੀਤੀ ਗਈ, ਬਾਵਜੂਦ ਕਿ ਉਹ ਇੱਕ ਲੜਾਕੂ ਕੌਮ ਸਨ ਅਤੇ ਉਨ੍ਹਾਂ ਨੂੰ ਮੌਤ ਦਾ ਵੀ ਕੋਈ ਡਰ ਨਹੀਂ ਸੀ। ਇਸ ਤਰ੍ਹਾਂ ਸਿੱਖਾਂ ਦੀ ਸ਼ਹਾਦਤ ਦੀ ਪਰੰਪਰਾ ਦੀ ਇੱਕ ਨਵੇਂ ਅਤੇ ਨਿਵੇਕਲੇ ਢੰਗ ਨਾਲ ਵਿਆਖਿਆ ਹੋਈ।

ਇਸ ਤਰ੍ਹਾਂ ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਇਸ ਉਪ ਮਹਾਂਦੀਪ ਵਿਚ ਸ਼ਾਂਤਮਈ ਵਿਰੋਧ ਦੀ ਪਹਿਲੀ ਮਿਸਾਲ ਬਣੇ। ਜਿਵੇਂ ਕਿ ਅਕਾਲੀ, ਲਾਹੌਰ 6 ਨਵੰਬਰ 1920 ਦਾ ਅਖ਼ਬਾਰ 'ਛੇ ਨਵੰਬਰ ਕੌਮੀ ਆਨ ਰੱਖਣ ਦਾ ਦਿਹਾੜਾ' ਸਿਰਲੇਖ ਵਾਲੇ ਲੇਖ ਵਿੱਚ ਸਾਨੂੰ ਦੱਸਦਾ ਹੈ, "ਅੱਜ ਖਾਲਸਾ ਕੌਮ ਦੇ ਨੌ ਨਿਹਾਲ ਸਪੂਤਾਂ ਨੇ ਆਜ਼ਾਦੀ ਦੀ ਦੇਵੀ ਤੇ ਪਹਿਲੇ ਫੁੱਲ ਚੜ੍ਹਾਉਣੇ ਹਨ। ਅੱਜ ਸਿੱਖ ਕੌਮ ਨੇ ਸੁਤੰਤਰਤਾ ਦੇ ਸ਼ਾਂਤਮਈ ਜੰਗ ਦਾ ਅਸਲੀ ਕੰਮ ਆਰੰਭ ਕਰਨਾ ਹੈ।... ਸ਼ਾਂਤਮਈ ਨਾਮਿਲਵਰਤਨ ਹੋਣਾ ਅਤਿ ਜ਼ਰੂਰੀ ਹੈ ਚੁੱਪਚਾਪ ਸ਼ਾਂਤੀ ਨਾਲ ਗੁਰੂ ਅਰਜਨ ਦੇਵ ਜੀ ਮਹਾਰਾਜ ਵਾਂਗੂੰ, ਗੁਰੂ ਤੇਗ ਬਹਾਦਰ ਜੀ ਵਾਂਗੂੰ ਸਬਰ ਸੰਤੋਖ ਨਾਲ 'ਤੇਰਾ ਭਾਣਾ ਮੀਠਾ ਲਾਗੇ' ਅਨੁਸਾਰ ਆਪਣੇ ਧਰਮ ਤੇ ਡਟੇ ਰਹੋ। ਅਸੀਂ ਵੱਡਿਆਂ ਦੀ ਔਲਾਦ ਹਾਂ, ਸਾਡੀ ਸਭਿਅਤਾ, ਸਾਡਾ ਧਰਮ ਮਹਾਂ ਉਂਚਾ ਹੈ।"[27]

27 ਅਕਤੂਬਰ 1920 ਦੇ ਅਕਾਲੀ, ਲਾਹੌਰ, ਵਿਚ 'ਪੰਥ ਦੇ ਧਿਆਨਯੋਗ ਇੱਕ ਅਤੀ ਜ਼ਰੂਰੀ ਬੇਨਤੀ', ਦੇ ਸਿਰਲੇਖ ਹੇਠ ਇਸ ਤਰ੍ਹਾਂ ਲਿਖਿਆ ਗਿਆ ਹੈ: "ਸਾਡੀ ਕੌਮ ਨੇ ਹਿੰਦ ਦੇ ਇਤਿਹਾਸ ਵਿੱਚ ਅੱਗੇ ਵੀ ਰਾਜਸੀ ਕੰਮਾਂ ਵਿੱਚ ਸਭ ਤੋਂ ਵਧ ਕੇ ਹਿੱਸਾ ਲਿਆ ਹੈ ਅਤੇ ਸਾਡੇ ਹੀ ਪੰਥ ਦੇ ਵਾਲੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਰਾਮਦਾਸ ਜੀ ਤੱਕ ਪਹਿਲੀਆਂ ਚਹੁੰ ਪਾਤਸ਼ਾਹੀਆਂ ਨੇ ਏਕੇ (Unity) ਦਾ ਪ੍ਰਚਾਰ ਹਿੰਦੂ ਮੁਸਲਮਾਨਾਂ ਵਿੱਚ ਕੀਤਾ, ਜੋ ਕਿ ਸਵਰਾਜ ਦੀ ਪਹਿਲੀ ਪਹੁੜੀ ਹੈ ਅਤੇ ਜਿਸ ਦੇ ਬਗੈਰ ਸਵਰਾਜ ਭੋਗਣਾ ਅਸੰਭਵ ਹੈ। ਉਨ੍ਹਾਂ ਨੇ ਭਾਰਤ ਵਿੱਚ ਏਕੇ ਦਾ ਪ੍ਰਚਾਰ ਕੀਤਾ ਲੋਕਾਂ ਵਿੱਚ ਪ੍ਰੇਮ ਦੀ ਲਹਿਰ ਚਲਾਈ ਅਤੇ ਉਪਕਾਰ ਅਤੇ ਨਿਸ਼ਕਾਮ ਸੇਵਾ ਦਾ ਸੱਚਾ ਸਬਕ ਦੱਸਿਆ। ਜੋ ਸਵਰਾਜ ਪ੍ਰਾਪਤੀ ਲਈ ਦੂਜੀ ਪਹੁੜੀ ਹੈ। ਇਸ ਦੇ ਉਪਰੰਤ ਪੰਜਵੀਂ ਅਤੇ ਨੌਵੀਂ ਪਾਤਸ਼ਾਹੀ ਜ਼ੁਲਮ ਦੇ ਕਾਨੂੰਨਾਂ ਤੋਂ ਤੰਗ ਆ ਕੇ ਅਤੇ ਸਾਰੇ ਭਾਰਤ ਨੂੰ ਕਲੇਸ਼ ਦੇ ਪੰਜੇ ਵਿੱਚ ਫਸਿਆ ਦੇਖ ਕੇ ਸੱਚੀ ਸੱਤਿਆਗ੍ਰਹਿ (Passive Resistance) ਦਾ ਅਸਲੀ ਸਬਕ ਪੜ੍ਹਾਇਆ ਅਤੇ ਆਪਣੇ ਦੇਸ਼ ਵਿਚੋਂ ਜ਼ੁਲਮ ਅਤੇ ਅਨਿਆਂ ਦੂਰ ਕਰਨ ਲਈ ਆਪਣੇ ਪ੍ਰਾਣ ਤਕ ਵਾਰ ਦਿੱਤੇ ਪਰ ਸੱਤਿਆਗ੍ਰਹਿ ਦਾ ਪਾਲਣ ਕੀਤਾ ਤੇ ਕਰਤਾਰ ਦੇ ਭਾਣੇ ਤੇ ਸ਼ਾਕਰ ਰਹੇ। ਤੱਤੀਆਂ ਰੇਤਾਂ ਆਪਣੇ ਉੱਪਰ ਪੁਆਈਆਂ ਉਬਲਦੇ ਪਾਈ ਵਿੱਚ ਬੈਠੇ ਪ੍ਰੰਤੂ ਸੀ ਤੱਕ ਨਾ ਉਚਾਰੀ ਤੇ ਆਪਣੇ ਮੰਤਵ (Mission) ਨੂੰ ਪੂਰਿਆਂ ਕੀਤਾ। ਇਸ ਤੋਂ ਮਗਰੋਂ ਨੌਵੀਂ ਪਾਤਸ਼ਾਹੀ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ 'ਬਾਂਹਿ ਜਿਨਾਂ ਦੀ ਪਕੜੀਏ ਸਿਰ ਦੀਜੈ ਬਾਂਹ ਨਾ ਛੋੜੀਏ, ਦੇ ਅਸੂਲ ਨੂੰ ਪੂਰਿਆਂ ਕਰਨ ਤੇ ਹਿੰਦ ਦੇ ਦੁਖੀਆਂ ਨੂੰ ਸੁਖੀ ਕਰਨ ਲਈ ਸੱਤਿਆਗ੍ਰਹਿ ਜਿਸਨੂੰ ਸਵਰਾਜ ਦੀ ਤੀਜੀ ਪਹੁੜੀ ਕਹਿਣਾ ਚਾਹੀਦਾ ਹੈ ਉੱਪਰ ਪੂਰਾ ਅਮਲ ਕੀਤਾ ਤੇ ਅੰਤ ਨੂੰ ਦਿੱਲੀ ਸ਼ਹਿਰ ਵਿਖੇ ਆਪਣਾ ਆਪ ਬਾਰ ਦਿੱਤਾ। ਪਰ ਅਮਲ ਨੂੰ ਪੂਰਿਆਂ ਕੀਤਾ। ਸਭ ਤੋਂ ਪਿੱਛੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜ਼ੁਲਮ ਅਤੇ ਅਨਿਆਂਉ ਹੱਦੋਂ ਵਧ ਗਿਆ ਵੇਖਕੇ ਆਪਣੇ ਸਭ ਸਬੰਧ ਰਾਜ ਕਰਮਚਾਰੀਆਂ ਨਾਲੋਂ ਤੋੜ ਲਏ ਅਤੇ ਨਾਨ-ਕੋਆਪਰੇਸ਼ਨ (Non-Cooperation) ਦਾ ਸਬਕ ਸਿਖਾਇਆ।"[28]

ਸੱਤਿਆਗ੍ਰਹਿ, ਅਹਿੰਸਾ, ਨਾਮਿਲਵਰਤਨ, ਸਵਰਾਜ ਆਦਿਕ ਗਾਂਧੀਵਾਦੀ ਸ਼ਬਦਾਂ ਦੀ ਵਿਆਖਿਆ ਕਰਦੇ ਹੋਏ ਉਨ੍ਹਾਂ ਨੂੰ ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਅਤੇ ਅਠਾਰ੍ਹਵੀਂ ਸਦੀ ਦੇ ਸਿੱਖਾਂ ਦੇ ਮੁਗਲ ਅਤੇ ਅਫ਼ਗਾਨ ਦੀ ਬੇਇਨਸਾਫ਼ੀ ਤੇ ਜ਼ੁਲਮਾਂ ਵਿਰੁੱਧ ਸੰਘਰਸ਼ ਦੇ ਹਵਾਲੇ ਵਿੱਚ ਮੁੜ ਵਿਆਖਿਆਤ ਕੀਤਾ ਗਿਆ।

ਅਕਾਲੀ, ਲਾਹੌਰ, 30 ਮਈ 1922 ਦਾ ਅੰਕ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਤੇ ਉਨ੍ਹਾਂ ਦੇ ਸ਼ਹੀਦੀ ਦੇ ਸਮਰਪਣ ਵਿੱਚ ਛਾਪਿਆ ਗਿਆ। ਪਹਿਲੇ ਸਫ਼ੇ ਤੇ ਗੁਰੂ ਅਰਜਨ ਦੇਵ ਜੀ ਨੂੰ ਦੇਗ ਵਿੱਚ ਉਬਾਲੇ ਜਾਣ ਦਾ ਚਿੱਤਰ ਹੈ।"[29] ਇਸੇ ਅੰਕ ਵਿਚ ਕਵਿਤਾ ਹੈ "ਦੇਸ਼ ਧਰਮ ਤੋਂ ਜਾਨ ਕੁਰਬਾਨ ਕਰਨੀ" ਜਿਸ ਦੀ ਆਖਰੀ ਸਤਰ ਹੈ "ਦਿੱਤੀ ਸਿਖਯਾ ਸ੍ਰੀ ਦਸ਼ਮੇਸ਼ ਸਾਨੂੰ ਦੇਸ਼ ਧਰਮ ਤੋਂ ਜਾਨ ਕੁਰਬਾਨ ਕਰਨੀ" ਜੋ ਕਿ ਦੇਸ਼ ਅਤੇ ਧਰਮ ਦੋਹਾਂ ਤੋਂ ਜਾਨ ਕੁਰਬਾਨ

ਕਰਨ ਲਈ ਪ੍ਰੇਰਿਤ ਕਰਦੀ ਹੈ।[30] ਅੱਗੇ ਇਹ ਵੀ ਲਿਖਿਆ ਹੈ ਕਿ, "ਸਵਰਾਜ ਦੇ ਲਏ ਬਿਨਾਂ ਗੁਰਦੁਆਰਿਆਂ ਅਤੇ ਖਿਲਾਫ਼ਤ ਦੇ ਮਾਮਲੇ ਨਜਿੱਠਿਆ ਜਾਣਾ ਅਸੰਭਵ ਹੈ।[31] ਹੋਰ, ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਪਰਮਾਤਮਾ ਅੱਗੇ ਹਿੰਦੁਸਤਾਨ ਦੀ ਆਜ਼ਾਦੀ ਲਈ ਦੁਆ ਕਰਨ ਦਾ ਵੀ ਸੱਦਾ ਦਿੱਤਾ ਗਿਆ ਹੈ, ਅਤੇ ਅੱਗੇ ਲਿਖਿਆ ਹੈ ਕਿ ਜ਼ੁਲਮ ਦਾ ਟਾਕਰਾ ਕਰਨ ਲਈ ਗੁਰੂ ਸਾਹਿਬਾਨ ਨੇ ਦੋ ਹੀ ਤਰੀਕੇ ਸੰਸਾਰੀਆਂ ਨੂੰ ਦੱਸੇ ਹਨ: ਪਹਿਲਾ ਸਤਿਆਗ੍ਰਹੀ ਸ਼ਹੀਦੀ ਅਤੇ ਦੂਜਾ ਹੈ ਸਵੈ ਰੱਖਿਆ ਹਿੱਤ ਖੜਗ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸੱਤਿਯਾ ਗਹੀ ਸ਼ਹੀਦੀ ਦੱਸਦੇ ਹੋਏ ਸੱਚੇ ਪਾਤਸ਼ਾਹ ਅੱਗੇ ਬੇਨਤੀ ਕਰਨ ਦਾ ਸੱਦਾ ਦਿੱਤਾ ਹੈ ਕਿ ਉਨ੍ਹਾਂ ਦੇ ਪੂਰਨਿਆਂ ਤੇ ਚੱਲ ਕੇ ਅਸੀਂ ਵੀ ਜ਼ੁਲਮੀ ਰਾਜ ਤੇ ਪਾਖੰਡ ਦੀ ਜੜ੍ਹ ਨੂੰ ਉਖੇੜਨ ਵਿੱਚ ਸਫ਼ਲ ਹੋ ਸਕੀਏ।[32]

ਕਵੀਸ਼ਰ ਵੱਲੋਂ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਜਿਵੇਂ ਅਠਾਰ੍ਹਵੀਂ ਸਦੀ ਦੇ ਸਿੱਖ ਜੇਤੂ ਬਣ ਕੇ ਉੱਭਰੇ ਉਸੇ ਤਰ੍ਹਾਂ ਹੀ ਸਮਕਾਲੀ ਸਿੱਖ ਵੀ ਜੇਤੂ ਹੋਣਗੇ।"[33] ਗੁਰਦੁਆਰਾ ਸੁਧਾਰ ਲਹਿਰ ਲਈ ਸਮਰਥਨ ਜੁਟਾਉਣ ਵਾਸਤੇ ਸਿੱਖ ਸ਼ਹਾਦਤ ਦੀ ਪਰੰਪਰਾ ਉੱਪਰ ਭਾਸ਼ਨ ਦਿੰਦੇ ਹੋਏ ਅਕਾਲੀ ਆਗੂ ਪਿੰਡੋ ਪਿੰਡੀ ਗਏ। ਉਨ੍ਹਾਂ ਦੇ ਨਾਲ ਆਮ ਤੌਰ ਤੇ ਢਾਡੀ ਵੀ ਹੁੰਦੇ ਸਨ ਜੋ ਅਤੀਤ ਵਿਚ ਸਿੱਖਾਂ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਦੀਆਂ ਵਾਰਾਂ ਗਾਇਆ ਕਰਦੇ ਸਨ।[34] ਅਕਾਲੀ ਆਗੂਆਂ ਦੀਆਂ ਅਪੀਲਾਂ ਇੰਨੀ ਜ਼ੋਰਦਾਰ ਸਨ ਕਿ ਲੋਕਾਂ ਨੇ ਭਾਰੀ ਗਿਣਤੀ ਵਿੱਚ ਕੁਰਬਾਨੀਆਂ ਤੱਕ ਦੇਣ ਲਈ ਆਪਣੇ ਨਾਮ ਲਿਖਵਾਏ ਸਨ।[35]

ਇਹੀ ਨਹੀਂ ਮੌਜੂਦਾ ਆਗੂਆਂ ਦੀਆਂ ਇਕੱਤਰਤਾਵਾਂ ਨੂੰ ਵੀ ਪੁਰਾਣੇ ਸਮੇਂ ਨਾਲ ਜੋੜ ਕੇ ਵੇਖਿਆ ਜਾਂਦਾ ਸੀ, ਜਿੱਥੇ ਸਿੱਖ ਮਿਸਲਾਂ ਦੇ ਆਗੂ ਇਕੱਠੇ ਹੋ ਕੇ ਗੁਰਮਤੇ ਪ੍ਰਵਾਨ ਕਰਿਆ ਕਰਦੇ ਸਨ।[36] 1 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਲਈ ਇਕੱਤਰਤਾ ਕੀਤੀ ਗਈ, ਉੱਥੇ ਜੋ ਸਿੱਖ ਇਕੱਤਰ ਹੋਏ ਸਨ ਉਹ ਅਠਾਰ੍ਹਵੀਂ ਸਦੀ ਦੇ ਪੁਰਾਤਨ ਖ਼ਾਲਸੇ ਦੀ ਝਾਕੀ ਵਾਂਗ ਲੱਗਦੇ ਸਨ।"[37] ਗੁਰਦੁਆਰਾ ਸੁਧਾਰ ਲਹਿਰ ਦੇ ਦੌਰਾਨ ਸਿੱਖ ਆਗੂਆਂ ਦੀਆਂ ਕੁਰਬਾਨੀਆਂ ਦੀ ਤੁਲਨਾ ਅਠਾਰ੍ਹਵੀਂ ਸਦੀ ਦੇ ਸਿੱਖਾਂ ਦੀਆਂ ਕੁਰਬਾਨੀਆਂ ਨਾਲ ਕੀਤੀ ਗਈ।[38] "ਅੱਜ ਤੁਸਾਂ ਆਪਣੇ ਵੱਡੇ ਵਡੇਰਿਆਂ ਦੀ ਇੱਜਤ ਤੇ ਗੁਰੂ ਪੰਥ ਦੀ ਲਾਜ ਰੱਖ ਕੇ ਕਲਗੀਆਂ ਵਾਲੇ ਗੁਰੂ ਦੀਆਂ ਖੁਸ਼ੀਆਂ ਲੈ ਲਈਆਂ ਹਨ। ਅੱਜ ਤੁਹਾਡੇ ਤੇ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਮਤਾਬ ਸਿੰਘ, ਭਾਈ ਲਛਮਣ ਸਿੰਘ ਅਤੇ ਸਰਦਾਰ ਦਲੀਪ ਸਿੰਘ ਦੀ ਆਦਿਕ ਅਨੇਕਾਂ ਸ਼ਹੀਦਾਂ ਦੀਆਂ ਰੂਹਾਂ ਸੱਚਖੰਡ ਤੋਂ ਫੁੱਲ ਦੀ ਵਰਖਾ ਕਰ ਰਹੀਆਂ ਹਨ। ਜੇਕਰ ਗੁਰਦੁਆਰਾ ਸੁਧਾਰ ਲਹਿਰ ਵਿੱਚ ਹਿੱਸਾ ਲੈਣ ਵਾਲੇ ਸਿੱਖਾਂ ਦੀ ਤੁਲਨਾ ਅਠਾਰ੍ਹਵੀਂ ਸਦੀ ਦੇ ਬਹਾਦਰ ਸਿੱਖਾਂ ਨਾਲ ਕੀਤੀ ਜਾਂਦੀ ਸੀ। ਤਾਂ ਨਨਕਾਣਾ ਸਾਹਿਬ ਗੁਰਦੁਆਰਾ ਦੇ ਬਦਇਖ਼ਲਾਕ ਮਹੰਤ ਨਰੈਣ ਦਾਸ ਦੀ ਤੁਲਨਾ ਚੰਦੂ ਸ਼ਾਹ ਵਰਗੇ ਸਿੱਖ ਦੁਸ਼ਮਣਾਂ ਨਾਲ ਕੀਤੀ ਜਾਂਦੀ ਸੀ।

ਗੁਰਦੁਆਰਾ ਸੁਧਾਰ ਲਹਿਰ ਵਿਚ ਗੁਰੂ-ਕਾ-ਬਾਗ ਮੋਰਚੇ ਸਮੇਂ ਇੱਕ ਖਾਸ ਵਰਤਾਰਾ ਸਾਹਮਣੇ ਆਇਆ। ਅਕਾਲੀ ਜਥਿਆਂ ਦੇ ਮੈਂਬਰਾਂ ਵਿਚ ਨਿਵੇਕਲੀ ਕਿਸਮ ਦੀ ਮੁਕਾਬਲੇਬਾਜ਼ੀ ਵੇਖਣ ਵਿੱਚ ਆਈ ਕਿ ਕੌਣ ਵੱਧ ਤੋਂ ਵੱਧ ਕੁਰਬਾਨੀਆਂ ਕਰਦਾ ਹੈ।[39] ਪੂਰੇ ਸੰਘਰਸ਼ ਦੇ ਦੌਰਾਨ ਇਹ ਵਰਨਯੋਗ ਸੀ ਕੇ ਇਹ ਸਰਕਾਰ ਦੇ ਵਿਰੋਧ ਵਿੱਚ ਅਹਿੰਸਕ ਅਤੇ ਸ਼ਾਂਤਮਈ ਟੱਕਰ ਸੀ।[40] ਲੋਕਾਂ ਨੂੰ ਕੇਵਲ ਸ਼ਾਮਲ ਹੋਣ ਲਈ ਹੀ ਨਹੀਂ ਆਖਿਆ ਗਿਆ ਸਗੋਂ ਘਟਨਾਵਾਂ ਦੇਖਣ ਲਈ ਵੀ ਕਿਹਾ ਗਿਆ ਸੀ।

ਅਕਾਲੀਆਂ ਵੱਲੋਂ ਨਿਰਸਵਾਰਥ ਕੁਰਬਾਨੀ, ਹੌਸਲੇ, ਅਹਿੰਸਾ ਅਤੇ ਪੁਲਿਸ ਦੇ ਤਸ਼ੱਦਦ ਨੂੰ ਬਹਾਦਰੀ ਤੇ ਹੌਸਲੇ ਨਾਲ ਸਹਿਣ ਦਾ ਮੁਜ਼ਾਹਰਾ ਨਿਵੇਕਲਾ ਅਤੇ ਅਲੱਗ ਹੀ ਸੀ। ਇਸ ਦੀ ਤਸਦੀਕ ਵਾਸਤੇ ਸਾਡੇ ਕੋਲ ਦੋ ਅੱਖੀਂ ਵੇਖਣ ਵਾਲਿਆਂ ਦੇ ਬਿਰਤਾਂਤ ਹਨ।[41] ਇਹ ਹਨ, ਰੁਚੀ ਰਾਮ ਸਾਹਨੀ ਅਤੇ ਜਿਨ੍ਹਾਂ ਨੇ ਗੁਰੂ ਕੇ ਬਾਗ ਮੋਰਚੇ ਦਾ ਵੇਰਵਾ ਲਿਖਿਆ ਹੈ। ਇਕ ਹੋਰ ਨਿਵੇਕਲਾ ਨੁਕਤਾ ਇਹ ਸੀ ਕਿ ਅਕਾਲੀਆਂ ਨੇ ਸਾਰੀਆਂ ਤਕਲੀਫ਼ਾਂ ਖਿੜੇ ਮੱਥੇ ਝੱਲੀਆਂ ਤੇ ਉਨ੍ਹਾਂ ਦੇ ਚਿਹਰਿਆਂ ਤੋਂ ਸੰਤੁਸ਼ਟਤਾ ਝਲਕਦੀ ਸੀ।

ਅਕਾਲੀਆਂ ਅਤੇ ਕਾਂਗਰਸ ਦੋਹਾਂ ਵੱਲੋਂ ਅਹਿੰਸਕ ਤਰੀਕੇ ਅਪਣਾਏ ਗਏ। ਅਕਾਲੀਆਂ ਵੱਲੋਂ ਗੁਰਦੁਆਰਾ ਸੁਧਾਰ ਲਹਿਰ ਦੇ ਦੌਰਾਨ ਅਤੇ ਕਾਂਗਰਸ ਤੇ ਗਾਂਧੀ ਵੱਲੋਂ ਅੰਗਰੇਜ਼ਾਂ ਦੇ ਵਿਰੁੱਧ। ਇਸ ਤੋਂ ਇਲਾਵਾ ਅਕਾਲੀ ਅਹਿੰਸਾ ਵਿੱਚ ਹੇਠ ਲਿਖੇ ਕੁਝ ਨੁਕਤੇ ਸਨ ਜੋ ਇਸ ਨੂੰ ਵੱਖਰਾ ਸਿੱਖ ਖਾਸੇ ਵਾਲਾ ਬਣਾਉਂਦੇ ਸਨ: (1) ਗੁਰਮਤੇ ਪ੍ਰਵਾਨ ਕਰਨੇ ਜੋ ਕਿ ਸਾਰੇ ਸ਼ਾਮਲ ਅਕਾਲੀਆਂ ਉੱਤੇ ਜ਼ਰੂਰੀ ਲਾਗੂ ਹੁੰਦੇ ਸਨ; (2) ਮੋਰਚੇ ਤੇ ਜਾਣ ਤੋਂ ਪਹਿਲਾਂ ਸਰੋਵਰ ਵਿਚ ਇਸ਼ਨਾਨ ਕਰਨਾ; (3) ਅਕਾਲ ਤਖ਼ਤ ਦੇ ਸਾਹਮਣੇ ਅਹਿੰਸਕ ਹੋਣ ਦੀ ਸਹੁੰ ਚੁੱਕਣੀ; (4) ਨਿਸ਼ਾਨੇ ਦੀ ਪ੍ਰਾਪਤੀ ਤੱਕ ਪਿੱਠ ਨਹੀਂ ਦਿਖਾਉਣਗੇ।[42]

"ਅਕਾਲੀ ਕੌਣ ਹਨ" ਵਿਸ਼ੇ ਹੇਠ ਲਿਖੇ ਗਏ ਲੇਖ ਵਿਚ ਅਕਾਲੀ ਦੀ ਪਰਿਭਾਸ਼ਾ ਦੱਸੀ ਗਈ ਹੈ ਕਿ ਉਹ ਸਿੱਖ ਜੋ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਸਥਾਨਾਂ ਦੀ ਰਾਖੀ ਕਰਨ ਲਈ, ਸਿੱਖ ਧਰਮ ਦੀ ਆਜ਼ਾਦੀ ਲਈ ਅਤੇ ਭਾਰਤ ਦੀ ਆਜ਼ਾਦੀ ਲਈ ਕੁਰਬਾਨੀ ਕਰਨ ਲਈ ਤਿਆਰ ਹੋਵੇ।[43]

ਇਸ ਸੰਬੰਧ ਵਿਚ ਸਰਦੂਲ ਸਿੰਘ ਕਵੀਸ਼ਰ ਦੇ ਕਥਨਾਂ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ ਜੋ ਕਹਿੰਦਾ ਹੈ ਕਿ, "ਸਿੱਖ ਆਪਣੇ ਦੇਸ਼ ਨੂੰ ਪਿਆਰ ਕਰਦੇ ਹਨ; ਉਨ੍ਹਾਂ ਨੇ ਇਹਦੀਆਂ ਲੜਾਈਆਂ ਦੁਨੀਆਂ ਦੀ ਕਿਸੇ ਵੀ ਹੋਰ ਕੌਮ ਵਾਂਗ ਬਹਾਦਰੀ ਨਾਲ ਲੜੀਆਂ ਹਨ, ਪਰ ਉਹ ਆਪਣੇ ਧਰਮ ਨੂੰ ਉਸੇ ਹੀ ਸ਼ਰਧਾ ਨਾਲ ਪਿਆਰ ਕਰਦੇ ਹਨ। ਸਿੱਖ ਜਾਣਦਾ ਹੈ ਕਿ ਜੇ ਉਸ ਦਾ ਧਰਮ ਸੁਰੱਖਿਅਤ ਹੈ ਤਾਂ ਉਹ ਨਿਸ਼ਚੇ ਹੀ ਆਪਣੇ ਦੇਸ਼ ਦੀ ਗੁਆਚੀ ਹੋਈ ਆਜ਼ਾਦੀ ਦੁਬਾਰਾ ਹਾਸਲ ਕਰ ਸਕਦਾ ਹੈ ਪਰ ਜੇ ਉਸ ਦਾ ਧਰਮ ਸੁਰੱਖਿਅਤ ਨਹੀਂ ਤਾਂ ਫੇਰ ਭਾਵੇਂ ਉਸ ਦਾ ਦੇਸ਼ ਆਜ਼ਾਦ ਵੀ ਹੋਵੇ ਤਾਂ ਇਸ ਗੱਲ ਦੀ ਕੋਈ ਗਰੰਟੀ ਨਹੀਂ ਕਿ ਉਹ ਆਜ਼ਾਦੀ ਬਰਕਰਾਰ ਰੱਖ ਸਕਦਾ ਹੈ। ਅਸਲ ਵਿੱਚ ਉਸ ਦੇ ਧਰਮ ਦੀ ਆਜ਼ਾਦੀ ਹੀ ਦੇਸ਼ ਦੀ ਆਜ਼ਾਦੀ ਲਈ ਸੁਰੱਖਿਆ ਹੈ। ਇੱਕ ਸਿੱਖ ਆਪਣੇ ਧਰਮ ਲਈ ਸੁਰੱਖਿਅਤ ਧਰਤੀ ਤੋਂ ਹੀ ਦੇਸ਼ ਦੀ ਆਜ਼ਾਦੀ ਲਈ ਲੜਾਈਆਂ ਲੜਨੀਆਂ ਚਾਹੁੰਦਾ ਹੈ। ਮਾਨਸਿਕ ਤੌਰ ਤੇ ਧਾਰਮਿਕ ਝੁਕਾਅ ਵਾਲਾ ਹੋਣ ਕਰਕੇ ਉਹ ਹਰ ਚੀਜ਼ ਨੂੰ ਧਰਮ ਤੋਂ ਥੱਲੇ ਸਮਝਦਾ ਹੈ; ਉਹਦੇ ਲਈ ਰਾਜਨੀਤੀ ਧਰਮ ਦੀ ਹੀ ਆਸ਼ਾਜਨਕ ਉਪਜ ਹੈ।[44]

ਵਡੇਰੀ ਗਿਣਤੀ ਵਿਚ ਸਿੱਖਾਂ ਨੇ ਭਾਵੇਂ ਆਪਣੇ ਆਪ ਨੂੰ ਅਕਾਲੀਆਂ ਦੇ ਅਹਿੰਸਕ ਸੰਘਰਸ਼ ਨਾਲ ਜੋੜਿਆ ਪਰ ਕੁਝ ਗਰਮਦਲੀਏ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਦੇ ਬਚਨਾਂ ਦੇ ਹਵਾਲੇ ਵਿੱਚ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਇਨ੍ਹਾਂ ਨੂੰ 'ਬੱਬਰ ਅਕਾਲੀਆਂ ਵਜੋਂ ਜਾਣਿਆ ਜਾਣ ਲੱਗਾ ਜਿਨ੍ਹਾਂ ਨੇ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਹਥਿਆਰ ਚੁੱਕ ਲਏ, ਜਿਨ੍ਹਾਂ ਦਾ ਨਿਸ਼ਾਨਾ ਸਰਕਾਰੀ ਅਫ਼ਸਰ ਅਤੇ ਸ਼ਫੈਦਪੋਸ਼ ਸਨ। ਬੱਬਰ ਅਕਾਲੀਆਂ ਵਿੱਚ ਕੁਝ ਗ਼ਦਰੀ ਅਤੇ ਅਕਾਲੀ ਵੀ ਸ਼ਾਮਲ ਸਨ। ਜਿੱਥੇ ਉਹ ਆਪਣੇ ਸਿੱਖੀ ਵਿਸ਼ਵਾਸ਼ ਨਾਲ ਬਹੁਤ ਪੱਕੀ ਤਰ੍ਹਾਂ ਜੁੜੇ ਹੋਏ ਸਨ ਉਥੇ ਉਨ੍ਹਾਂ ਵਿੱਚ ਦੇਸ਼ਭਗਤੀ ਦਾ ਵੀ ਅਥਾਹ ਜੋਸ਼ ਸੀ। ਉਹ ਗੁਰੂ ਗੋਬਿੰਦ ਸਿੰਘ ਵੱਲੋਂ ਜ਼ਫਰਨਾਮਾ ਅਤੇ ਬਚਿੱਤਰ ਨਾਟਕ ਵਿੱਚ ਦਰਜ ਕਥਨਾਂ ਅਨੁਸਾਰ ਜ਼ੁਲਮ ਦਾ ਹਥਿਆਰਬੰਦ ਤਰੀਕੇ ਨਾਲ ਵਿਰੋਧ ਕਰਨ ਵਿੱਚ ਯਕੀਨ ਰੱਖਦੇ ਸਨ। ਬੱਬਰ ਅਕਾਲੀਆਂ ਦੇ ਮੁਖੀ ਕਿਸ਼ਨ ਸਿੰਘ ਗੜਗੱਜ ਨੇ ਮੁਕੱਦਮੇ ਦੀ ਕਾਰਵਾਈ ਦੌਰਾਨ ਮੰਨਿਆ ਕਿ ਉਹ ਗੁਰੂ ਦੇ ਹੁਕਮਾਂ ਕਥਨਾਂ ਤੋਂ ਪ੍ਰੇਰਿਤ ਹੋਇਆ ਸੀ। ਤਰਨਤਾਰਨ ਅਤੇ ਨਨਕਾਣਾ ਸਾਹਿਬ ਦੀ ਬੇਰਹਿਮ ਕਤਲੋਗਾਰਤ ਨੇ ਉਸ ਨੂੰ ਅੰਗਰੇਜ਼ਾਂ ਕੋਲੋਂ ਬਦਲਾ ਲੈਣ ਲਈ ਮਜਬੂਰ ਕੀਤਾ। ਆਪਣੀਆਂ ਲਿਖਤਾਂ ਵਿਚ ਉਹ ਸਿੱਖ ਇਤਿਹਾਸਕ ਤੇ ਧਾਰਮਕ ਸ਼ਖਸੀਅਤਾਂ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦਾ ਹੈ ਜਿਵੇਂ ਕਿ:

"ਰਹੀ ਓਟ ਤੇਰੀ ਕਲਗੀਆਂ ਵਾਲਿਆ ਵੇ,
ਓਟਾਂ ਦਿੱਤੀਆਂ ਹੋਰ ਚੁਕਾ ਬਾਬਾ
ਕਿੱਧਰ ਗਿਆ ਤੂੰ ਸੇਰ ਮਤਾਬ ਸਿੰਘਾਂ,
ਬੀਕਾਨੇਰ ਦੇ ਜੰਗਲੇ ਆ ਬਾਬਾ।
ਹੁਣ ਤਾਂ ਕੱਛ ਕ੍ਰਿਪਾਨ ਉਤਾਰਦੇ ਨੇ,
ਅਕਾਲੀ ਸੂਰਿਆਂ ਰਹੇ ਸ਼ਤਾਬ ਬਾਬਾ।
ਛੇਤੀ ਦੇ ਦਰਸ਼ਨ ਬਾਬਾ ਦੀਪ ਸਿੰਘਾਂ
ਆ ਵੀ ਤਲੀ ਤੇ ਸੀਸ ਟਿਕਾ ਬਾਬਾ"।[45]

ਪ੍ਰਿਥੀਪਾਲ ਸਿੰਘ ਕਪੂਰ ਲਿਖਦੇ ਹਨ ਕਿ, "ਗ਼ਦਰੀ ਅਤੇ ਬੱਬਰ ਅਕਾਲੀ ਸਾਂਝੇ ਤੌਰ ਤੇ ਖਾਲਸੇ ਦੀ ਵਿਰਾਸਤ ਤੋਂ ਪ੍ਰੇਰਤ ਸਨ। ਧਾਰਮਕ ਸਿੱਖੀ ਪ੍ਰੇਰਨਾ ਨੂੰ ਅਣਗੌਲਿਆਂ ਕਰਕੇ ਕੇਵਲ ਦੇਸ਼ ਭਗਤੀ ਅਤੇ ਰਾਸ਼ਟਰਵਾਦ ਨੂੰ ਹੀ ਅੱਗੇ ਕਰਨਾ ਇਸ ਵਰਤਾਰੇ ਨੂੰ ਗਲਤ ਰਸਤੇ ਤੋਰਨ ਵਾਲੀ ਗੱਲ ਹੈ।[46]

ਇਹ ਵੀ ਕਿਹਾ ਗਿਆ ਹੈ ਕਿ ਸੰਨ 1925 ਤੋਂ ਬਾਅਦ ਆਜ਼ਾਦੀ ਲਹਿਰ ਪ੍ਰਤੀ ਸਿੱਖਾਂ, ਖ਼ਾਸ ਕਰ ਅਕਾਲੀਆਂ ਵਿੱਚ, ਉਹ ਉਤਸ਼ਾਹ ਨਹੀਂ ਦੇਖਿਆ ਗਿਆ ਜੋ ਪਹਿਲਾਂ ਸੀ। ਫਿਰ ਵੀ ਇਸ ਬਾਰੇ ਹੋਰ ਖੋਜ ਕਾਰਜ ਦੀ ਲੋੜ ਹੈ। 6 ਮਈ 1930 ਨੂੰ ਗੁਰਦੁਆਰਾ ਸੀਸ ਗੰਜ ਦਿੱਲੀ ਵਿਖੇ ਹੋਈ ਗੋਲੀਬਾਰੀ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਅਕਾਲੀਆਂ ਅਤੇ ਕੇਂਦਰੀ ਸਿੱਖ ਲੀਗ ਦੇ ਨਾਲ ਸਿਵਲ ਨਾਮਿਲਵਰਤਨ ਲਹਿਰ ਵਿੱਚ ਸ਼ਾਮਲ ਹੋ ਗਈ। ਇਸ ਤਰ੍ਹਾਂ ਸੰਨ 1935 ਦੇ ਅਖ਼ੀਰ ਵਿੱਚ ਗੁਰਦੁਆਰਾ ਸ਼ਹੀਦ ਗੰਜ ਲਾਹੌਰ ਉੱਪਰ ਹੋਏ ਵਾਦ ਵਿਵਾਦ ਦੇ ਨਤੀਜੇ ਵਜੋਂ ਸਥਾਨਕ ਪ੍ਰੈੱਸ ਵਿਚ ਸਿੱਖੀ ਦੀ ਸ਼ਹਾਦਤ ਪਰੰਪਰਾ ਉੱਪਰ ਕਈ ਲੇਖ ਛਾਪੇ ਗਏ।

9 ਮਾਰਚ ਸੰਨ 1930 ਦੇ ਅਕਾਲੀ ਤੇ ਪਰਦੇਸੀ, ਅੰਮ੍ਰਿਤਸਰ ਅਖ਼ਬਾਰ ਵਿਚ ਲਿਖਿਆ ਗਿਆ ਸੀ ਕਿ "ਸਿਖ ਕੌਮ ਸ਼ਹੀਦਾਂ ਦੀ ਕੌਮ ਹੈ। ਅੱਜ ਫਿਰ ਆਜ਼ਾਦੀ ਦਾ ਜੰਗ

ਸ਼ੁਰੂ ਹੋ ਗਿਆ ਹੈ ਅਤੇ ਸ਼ਹੀਦੀ ਲਹੂ ਦੀ ਲੋੜ ਪੈ ਗਈ ਹੈ। ਬੇਸ਼ੱਕ ਇਹ ਜੰਗ ਸ਼ਾਂਤਮਈ ਹੋਵੇਗਾ ਪਰ ਇਸ ਵਿੱਚ ਵੀ ਘੱਟ ਕੁਰਬਾਨੀ ਯਾ ਘੱਟ ਬਹਾਦਰੀ ਦੀ ਲੋੜ ਨਹੀਂ ਪਵੇਗੀ।"[47] 19 ਮਾਰਚ ਸੰਨ 1930 ਦੇ ਅਖ਼ਬਾਰ ਵਿੱਚ ਲਿਖਿਆ ਸੀ ਕਿ "ਸਾਨੂੰ ਨਿਸ਼ਚਾ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਵਿਚ ਪੰਜਾਬ ਦੂਜੇ ਸੂਬਿਆਂ ਨਾਲੋਂ ਵੱਧ ਕੇ ਹਿੱਸਾ ਲਵੇਗਾ।..... ਅਸੀਂ ਸਿੰਘਾਂ ਤੇ ਪੰਜਾਬੀਆਂ ਨੂੰ ਬਹਾਦਰ ਸਮਝਦੇ ਹਾਂ ਤੇ ਇਸੇ ਕਰਕੇ ਆਸ ਕਰਦੇ ਹਾਂ ਕਿ ਕਿਸੇ ਦੂਜੇ ਸੂਬੇ ਤੋਂ ਪਿੱਛੇ ਨਹੀਂ ਰਹਿਣਗੇ।"[48]

15 ਮਾਰਚ ਸੰਨ 1930 ਦੇ ਅਖ਼ਬਾਰ ਵਿੱਚ "ਧਰਮ ਯੁੱਧ" ਦੇ ਸਿਰਲੇਖ ਅਧੀਨ ਲਿਖਿਆ ਸੀ "ਹਮ ਇਹ ਕਾਜ ਜਗਤ ਮੋ ਆਏ, ਧਰਮ ਹੇਤ ਗੁਰਦੇਵ ਪਠਾਏ। ਗੁਰੂ ਸਾਹਿਬ ਨੇ ਜੋ ਲੀਹ ਦੇਸ਼ ਦੀ ਆਜ਼ਾਦੀ ਲਈ ਪਾਈ ਹੈ ਉਹ ਨਾ ਕੇਵਲ ਕਾਮਯਾਬੀ ਲਈ ਹੀ ਜ਼ਰੂਰੀ ਹੈ, ਸਗੋਂ ਧਰਮ ਅਨੁਸਾਰ ਭੀ ਉਹੋ ਹੀ ਹੈ। ਜਦ ਭੀ ਕੋਈ ਆਜ਼ਾਦੀ ਦਾ ਜੰਗ ਸ਼ੁਰੂ ਹੁੰਦਾ ਹੈ ਤਾਂ ਅਸੀਂ ਗੁਰੂ ਸਾਹਿਬ ਅਤੇ ਹੋਰ ਸਿੱਖ ਬਜ਼ੁਰਗਾਂ ਦੇ ਜੀਵਨ ਉਤੇ ਨਜ਼ਰ ਮਾਰਕੇ ਉਨ੍ਹਾਂ ਦੇ ਪੂਰਨਿਆਂ ਉਤੇ ਤੁਰਨ ਦਾ ਯਤਨ ਕਰਦੇ ਹਾਂ, ਕਿਉਂਕਿ ਸਿੱਖ ਦਾ ਕੰਮ ਤਾਂ ਕੇਵਲ ਗੁਰੂ ਸਾਹਿਬ ਦੇ ਦੱਸੇ ਧਰਮ ਉਤੇ ਹੀ ਟੁਰਨਾ ਹੈ।"[49] ਉਪਰੋਕਤ ਤੋਂ ਇਲਾਵਾ ਹੋਰ ਵੀ ਅਜਿਹੀਆਂ ਕਾਫ਼ੀ ਮਿਸਾਲਾਂ ਮਿਲਦੀਆਂ ਹਨ ਜਿੱਥੇ ਸਿੱਖ ਸ਼ਹਾਦਤ ਦੀ ਪਰੰਪਰਾ ਨੂੰ ਪ੍ਰੇਰਨਾ ਸਰੋਤ ਵਜੋਂ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਲਹਿਰ ਦੌਰਾਨ ਵਰਤਿਆ ਗਿਆ।

ਉਪਰੋਕਤ ਤੋਂ ਸਪੱਸ਼ਟ ਹੁੰਦਾ ਹੈ ਕਿ ਆਜ਼ਾਦੀ ਦੇ ਸੰਘਰਸ਼ ਵਿਚ ਸਿੱਖ ਸ਼ਹਾਦਤ ਪਰੰਪਰਾ ਨੂੰ ਲੋਕਾਂ, ਖਾਸ ਕਰਕੇ ਸਿੱਖਾਂ, ਦੀ ਮੱਦਦ ਲੈਣ ਵਾਸਤੇ ਪੰਜਾਬ ਵਿੱਚ ਕਿਸ ਤਰ੍ਹਾਂ ਵਰਤਿਆ ਗਿਆ। ਇਸ ਕਰਕੇ ਵਾਰ-ਵਾਰ ਸਿੱਖ ਗੁਰੂਆਂ, ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਦੀਆਂ ਕੁਰਬਾਨੀਆਂ, ਗੁਰੂ ਗੋਬਿੰਦ ਸਿੰਘ ਦੀਆਂ ਸਿੱਖਿਆਵਾਂ ਅਤੇ ਉਦੇਸ਼, ਖ਼ਾਲਸੇ ਦੀ ਸਿਰਜਣਾ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਸਭ ਦੇ ਹਵਾਲੇ ਮਿਲਦੇ ਹਨ। ਗੁਰੂ ਕਾਲ ਤੋਂ ਬਾਅਦ ਦੇ ਸਿੱਖਾਂ, ਬੰਦਾ ਬਹਾਦਰ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਅਤੇ ਹੋਰ ਸਿੱਖ ਸ਼ਹੀਦਾਂ ਦਾ ਜ਼ਿਕਰ ਪ੍ਰਮੁੱਖਤਾ ਨਾਲ ਕੀਤਾ ਗਿਆ ਮਿਲਦਾ ਹੈ। ਇਨ੍ਹਾਂ ਮਹਾਨ ਨਾਇਕਾਂ ਤੋਂ ਪ੍ਰੇਰਨਾ ਲੈਂਦੇ ਹੋਏ ਲੋਕਾਂ ਵਿਚ ਅੰਗਰੇਜ਼ਾਂ ਦੇ ਜ਼ੁਲਮ ਅਤੇ ਅੱਤਿਆਚਾਰ ਦਾ ਵਿਰੋਧ ਕਰਨ ਅਤੇ ਆਜ਼ਾਦੀ ਅਤੇ ਸ਼ਾਨ ਨਾਲ ਜ਼ਿੰਦਗੀ ਜਿਊਣ ਦਾ ਜੋਸ਼ ਭਰਿਆ ਜਾ ਰਿਹਾ ਸੀ। ਉਸ ਸਮੇਂ ਛਾਪੇ ਗਏ ਜ਼ਿਆਦਾਤਰ ਅਖ਼ਬਾਰੀ ਲੇਖਾਂ ਅਤੇ ਹੋਰ ਲਿਖਤਾਂ ਵਿੱਚ ਜ਼ੋਰ ਦਿੱਤਾ ਜਾਂਦਾ ਸੀ ਕਿ ਸ਼ਹਾਦਤ ਪ੍ਰਾਪਤ ਕਰਨਾ ਸਿੱਖ ਦਾ ਪੰਥ ਪ੍ਰਤੀ ਫ਼ਰਜ਼ ਸਮਝਿਆ ਜਾਵੇ ਤੇ ਇਸ ਕਰਕੇ ਇਸ ਨੂੰ ਦ੍ਰਿੜ੍ਹ ਹੌਸਲੇ ਅਤੇ ਬਿਨਾਂ ਕਿਸੇ ਝਿਜਕ ਦੇ ਸਾਬਤ ਕਦਮੀ ਨਾਲ ਗਲਵੱਕੜੀ ਪਾਈ ਜਾਵੇ। ਇਸ ਤਰ੍ਹਾਂ ਪੰਜਾਬੀਆਂ ਨੂੰ ਉਨ੍ਹਾਂ ਦੀ ਜ਼ੁਲਮ ਅਤੇ ਬੇਇਨਸਾਫ਼ੀ ਦੇ ਵਿਰੋਧ ਵਿਚ ਖੜ੍ਹੇ ਹੋਣ ਦੀ ਮਾਣਮੱਤੀ ਵਿਰਾਸਤ ਬਾਰੇ ਜਾਗਰੂਕ ਕੀਤਾ ਗਿਆ ਤੇ ਆਪਣੀਆਂ ਮਹਾਨ ਇਤਿਹਾਸਕ ਸ਼ਖ਼ਸੀਅਤਾਂ ਦੇ ਪੂਰਨਿਆਂ ਤੇ ਚੱਲਣ ਦੀ ਹੱਲਾਸ਼ੇਰੀ ਦਿੱਤੀ ਗਈ। ਸੋ ਇਸ ਕਰਕੇ ਅਸ਼ਾਂਤੀ ਅਤੇ ਸੰਕਟ ਦੇ ਸਮੇਂ ਧਾਰਮਿਕ ਅਤੇ ਸੱਭਿਆਚਾਰਕ ਰਵਾਇਤਾਂ ਦੀ ਵਰਤੋਂ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ।

**ਹਵਾਲੇ**


2 Harbans Singh (Editor-in-Chief), *The Encyclopedia of Sikhism,* Patiala, 1997, Vol. III, p. 55.

3 Kharak Singh Mann, *"Martyrdom"* in *Abstracts of Sikh Studies,* January 1997, p.3.

4 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1412.

5 Kharak Singh Mann, "Martyrdom" in *Abstracts of Sikh Studies,* January 1997, p.4.

6 Nahar Singh, *Documents Related to Maharaj Singh,* Sikh History Source Material Search Association, 1968, Preface, p. vii.

7 Ibid., p. xxxi.

8 Ibid.

9 Ibid., pp. xxxi-ii.

10 Parmbir Singh Gill, "Pious Rebels, The Ghadar Prose and Practice*", in The Ghadar Movement-Background, Ideology, Action and Legacies,* Edited by J.S. Grewal, Harish K. Puri, Indu Banga, Punjabi University, Patiala, p.295.

11 Prithipal Singh Kapur, "The Babbar Akali Insurrection", in *The Ghadar Movement-Background, Ideology, Action and Legacies,*

Edited by J.S. Grewal, Harish K. Puri, Indu Banga, p.351.
12 Parmbir Singh Gill, *"Pious Rebels, The Ghadar Prose and Practice",* pp.273-300.
13 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1412.
14 Harish K. Puri, *Ghadar Movement A Short History*, National Book Trust, New Delhi, 2011, p.67.
15 Malwinder Singh Waraich and Narinder Singh, (eds.), *War Against the King Emperor: Ghadr of 1914-15*, Bhai Sahib Randhir Singh Trust, Ludhiana, 2001, Appendix XIX, pp. 489-95.
16 ਗ਼ਦਰ, 30 ਦਸੰਬਰ, 1913.
17 ਇਸ ਤੁਕ ਦੇ ਸਹੀ ਸ਼ਬਦ ਜੋੜ, ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1105.
18 ਗ਼ਦਰ ਦੀ ਗੂੰਜ, ਯਾਰਵੀਂ ਬੈਂਤ, in *The Ghadar Movement-Background, ideology, Action and Legacies,* J.S. Grewal, Harish K. Puri, Indu Banga (eds.) pp. 511-514.
19 Parmbir Singh, *"Pious Rebels, The Ghadar Prose and Practice",* p. 283.
20 J.S. Grewal, *The Akalis: A Short History,* Punjab Studies Publications, Chandigarh, 1996, p.29.
21 Ibid., p.12.
22 Ibid., p.1.
23 Ibid.
24 Sardul Singh Caveeshar, *The Sikh Studies*, Lahore, 1937, p.192.
25 Louis, E. Fenech, *Martyrdom in the Sikh Tradition*, Oxford University Press, New Delhi, 2000, p.233.
26 Ibid., pp. 280-281.
27 ਅਕਾਲੀ, 6 ਨਵੰਬਰ, 1920, ਲਾਹੌਰ ।
28 ਓਹੀ, 27 ਅਕਤੂਬਰ, 1920, ਜ਼ਮੀਮਾ, ਪੰਨਾ 2.
29 ਓਹੀ, ਲਾਹੌਰ, 30 ਮਈ, 1992, ਪੰਨਾ 1
30 ਉਹੀ ਪੰਨਾ 5.
31 ਉਹੀ ਪੰਨਾ 10.
32 ਉਹੀ ਪੰਨਾ 12.
33 ਓਹੀ, 9 ਦਸੰਬਰ, 1920, ਪੰਨਾ 3.
34 Ruchi Ram Sahni, *Struggle for the Sikh Shrines*, Edited by Dr. Ganda Singh, Sikh Itihas Research Board, S.G.P.C., Amritsar, p.90, Louis, E. Fenech, *Martyrdom in the Sikh Tradition*, p.258.
35 Ruchi Ram Sahni, *Struggle for the Sikh Shrines*, p.91.
36 Louis, E. Fenech, *Martyrdom in the Sikh Tradition,* p.258.
37 ਅਕਾਲੀ, 19 ਨਵੰਬਰ, 1920, ਲਾਹੌਰ।
38 Ehl, 21 jnvrI 1922, pMnw 2.
39 Ruchi Ram Sahni, *Struggle for the Sikh shrines*, p.107.
40 Ibid., pp.108-113.
41 C.F. Andrews account is given in, *Ibid.,* pp.177-83.
42 Louis, E. Fenech, *Martyrdom in the Sikh Tradition*, p.271.
43 ਅਕਾਲੀ, 11 ਮਈ, 1922, ਲਾਹੌਰ, ਪੰਨਾ-2.
44 Sardul Singh Caveeshar, *The Sikh Studies*, p.193.
45 ਕਿਸਨ ਸਿੰਘ ਗੜਗੱਜ, "ਸੱਚੀ ਓਟ", 20 ਅਪ੍ਰੈਲ, 1922, ਬੱਬਰ ਕਾਵਿ ਸੰਗ੍ਰਹਿ, ਸੰਪਾਦਕ, ਗੁਰਚਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988, ਪੰਨਾ 20 ।
46 Prithipal Singh Kapur, "The Babbar Akali Insurrection, p.353.
47 ਅਕਾਲੀ ਤੇ ਪਰਦੇਸੀ. 9 ਮਾਰਚ, 1930, ਅੰਮ੍ਰਿਤਸਰ, ਪੰਨਾ 2.
48 ਓਹੀ, 19 ਮਾਰਚ, 1930, ਪੰਨਾ 2.
49 ਓਹੀ, 15 ਮਾਰਚ, 1930, ਪੰਨਾ 2.

.....................................................

# ਜ਼ਿਮੀਂਦਾਰੀ ਨਿਜ਼ਾਮ ਨੂੰ ਖੰਡੇ ਦੇ ਜ਼ੋਰ ਨਾਲ ਉਖਾੜਨ ਵਾਲਾ ਜਰਨੈਲ

**ਖਲੀਲ ਖਾਨ**

ਅਕਤੂਬਰ, 1670 ਨੂੰ ਪੱਛਮੀ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਵਿੱਚ ਜਨਮੇ ਲਛਮਣ ਦਾਸ ਨੂੰ ਇਤਿਹਾਸ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਲਛਮਣ ਦਾਸ ਤੋਂ ਹੋਏ ਹਿਰਨੀ ਦੇ ਕਤਲ ਨੇ ਉਸ ਦੀ ਅੰਤਰ ਆਤਮਾ ਨੂੰ ਹਲੂਣ ਕੇ ਰੱਖ ਦਿੱਤਾ, ਜਿਸ ਪਿੱਛੋਂ ਲਛਮਣ ਦਾਸ ਔਘੜ ਨਾਥ ਦੇ ਚਰਨੀਂ ਲੱਗ ਵੈਰਾਗੀ ਹੋ ਗਿਆ ਅਤੇ ਮਾਧੋ ਦਾਸ ਦੇ ਨਾਂ ਨਾਲ ਜਾਣਿਆ ਜਾਣ ਲੱਗਾ।

1708 ਵਿੱਚ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨਾਲ ਦੱਖਣ ਗਏ ਗੁਰੂ ਗੋਬਿੰਦ ਸਿੰਘ ਦਾ ਮੇਲ ਮਾਧੋ ਦਾਸ ਨਾਲ ਹੋਇਆ। ਗੁਰੂ ਸਾਹਿਬ ਕੋਲੋਂ 'ਖੰਡੇ ਦਾ ਪਾਹੁਲ ਲੈ ਕੇ ਮਾਧੋ ਦਾਸ, ਬੰਦਾ ਸਿੰਘ ਬਣ ਗਿਆ ਤੇ ਆਪਣੀਆਂ ਹੈਰਾਨੀਜਨਕ ਅਤੇ ਬਹਾਦਰੀ ਭਰੀਆਂ ਕਾਰਵਾਈਆਂ ਕਾਰਨ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਮਸ਼ਹੂਰ ਹੋਇਆ। ਲਗਾਤਾਰ ਜਿੱਤਾਂ ਪ੍ਰਾਪਤ ਕਰਦਿਆਂ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦੀ ਸ਼ਕਤੀ ਦਾ ਖਾਤਮਾ ਕਰ ਦਿੱਤਾ। ਇਤਿਹਾਸਕਾਰ ਗੰਡਾ ਸਿੰਘ ਅਨੁਸਾਰ, "ਨਵੀਂ ਸਿੱਖ ਰਾਜਧਾਨੀ ਬਣਾਉਣ ਦੀ ਇੱਛਾ ਨੇ ਸ਼ਾਇਦ ਸਰਹੰਦ ਦੇ ਕਿਲ੍ਹਿਆਂ ਨੂੰ ਬੰਦੇ ਦੇ ਕਹਿਰ ਤੋਂ ਬਚਾ ਲਿਆ।" ਸਰਹੰਦ ਤੋਂ ਬਾਅਦ ਵੀ 1715 ਈ. ਤੱਕ ਜਿੱਤਾਂ ਦਾ ਸਿਲਸਲਾ ਇਸੇ ਤਰ੍ਹਾਂ ਚੱਲਦਾ ਰਿਹਾ। ਇੱਕ ਮਹੱਤਵਪੂਰਨ ਪੱਖ ਜਿਹੜਾ ਬੰਦਾ ਸਿੰਘ ਦੀ ਜ਼ਿੰਦਗੀ ਦੇ ਮਹਾਨ ਕਾਰਨਾਮਿਆਂ ਨਾਲ ਜੁੜਿਆ ਹੋਇਆ ਹੈ, ਜਿਹੜਾ ਆਮ ਤੌਰ ਉੱਤੇ ਅੱਖੋਂ ਓਹਲੇ ਕੀਤਾ ਜਾਂਦਾ ਹੈ, ਉਹ ਹੈ ਉਸ ਦੁਆਰਾ ਕਿਸਾਨਾਂ (ਹਲਵਾਹਕਾਂ) ਦੀ ਖੇਤੀਬਾੜੀ ਕਰਨ ਵਾਲੀ ਜ਼ਮੀਨ ਉੱਪਰ ਕਿਸਾਨਾਂ ਨੂੰ ਮਲਕੀਅਤ ਦਾ ਹੱਕ ਦੇਣਾ। ਆਪਣੀਆਂ ਜਿੱਤਾਂ ਦੇ ਸ਼ੁਰੂ ਤੋਂ ਲੈ ਕੇ ਅੰਤ ਤਕ ਬੰਦਾ ਸਿੰਘ ਬਹਾਦਰ ਜਿਸ ਖੇਤਰ ਉੱਤੇ ਵੀ ਖ਼ਾਲਸਾਈ ਝੰਡਾ ਝੁਲਾਉਂਦਾ ਗਿਆ, ਉਹ ਇਲਾਕਾ ਉਸ ਦੇ ਨਵੇਂ ਪ੍ਰਬੰਧ ਨਾਲ ਪ੍ਰਭਾਵਿਤ ਹੁੰਦਾ ਗਿਆ। ਮੁਗ਼ਲ ਸਾਮਰਾਜ ਦੇ ਅਧੀਨ ਹਰੇਕ ਇਲਾਕੇ ਵਿੱਚ ਜ਼ਿਮੀਂਦਾਰਾਂ ਨੂੰ ਜ਼ਮੀਨਾਂ ਦੇ ਮਾਲਕੀ ਅਧਿਕਾਰ ਦਿੱਤੇ ਹੋਏ ਸਨ। ਜਦੋਂ ਤਕ ਇਹ ਜ਼ਿਮੀਂਦਾਰ ਮੁਗ਼ਲ ਹਕੂਮਤ ਦਾ ਬਣਦਾ ਹਿੱਸਾ ਮੁਗ਼ਲ ਰਾਜ ਦਰਬਾਰ ਦੇ ਖ਼ਜ਼ਾਨੇ ਵਿੱਚ ਸਮੇਂ ਸਿਰ ਜਮ੍ਹਾਂ ਕਰਵਾਉਂਦੇ ਰਹਿੰਦੇ, ਉਨਾ ਸਮਾਂ ਮੁਗ਼ਲ ਸਰਕਾਰ ਵੱਲੋਂ ਉਨ੍ਹਾਂ ਦੇ ਇਲਾਕੇ ਵਿੱਚ ਕੋਈ ਦਖ਼ਲਅੰਦਾਜ਼ੀ ਨਹੀਂ ਕੀਤੀ ਜਾਂਦੀ ਸੀ। ਮੋਹ-ਮਾਇਆ ਵਿੱਚ ਫਸੇ ਇਹ ਜ਼ਿਮੀਂਦਾਰ ਕਿਸਾਨਾਂ ਤੋਂ ਬਹੁਤ ਸਾਰਾ ਧਨ ਹਥਿਆ ਲੈਂਦੇ ਸਨ, ਕਿਸਾਨਾਂ ਕੋਲ ਐਨਾ ਕੁ ਧਨ ਹੀ ਬਾਕੀ ਛੱਡਿਆ ਜਾਂਦਾ ਸੀ, ਜਿਸ ਨਾਲ ਉਹ ਜਿਉਂਦੇ ਰਹਿ ਕੇ ਖੇਤੀ ਕਰ ਸਕਣ। ਬਹੁਤੀ ਵਾਰ ਕਿਸਾਨ ਭੂਮੀ ਕਰ ਦੀ ਰਕਮ ਸ਼ਾਹੂਕਾਰਾਂ ਤੋਂ ਕਰਜ਼ਾ ਚੁੱਕ ਕੇ ਉਤਾਰਦੇ। ਕਈ ਵਾਰ ਜ਼ਿਮੀਂਦਾਰਾਂ ਦੇ ਅੱਤਿਆਚਾਰ ਤੋਂ ਤੰਗ ਆਏ ਕਿਸਾਨ ਆਪਣੇ ਇਲਾਕੇ ਨੂੰ ਛੱਡ ਕੇ ਜੰਗਲਾਂ ਵੱਲ ਭੱਜ ਜਾਂਦੇ ਅਤੇ ਰੋਜ਼ੀ- ਰੋਟੀ ਦੀ ਖੋਜ ਵਿੱਚ ਲੱਗ ਜਾਂਦੇ।

ਇਹੋ ਜਿਹੇ ਸਿਸਟਮ ਵਿੱਚ ਬੰਦਾ ਸਿੰਘ ਬਹਾਦਰ ਕਿਸਾਨਾਂ ਲਈ ਵੱਡੀ ਰਾਹਤ ਲੈ ਕੇ ਅਇਆ। ਬੰਦਾ ਸਿੰਘ ਬਹਾਦਰ ਦਾ ਖੰਡਾ ਜਿਸ ਕਿਸੇ ਵੀ ਇਲਾਕੇ ਵਿੱਚ ਵਰ੍ਹਦਾ ਜਾਂਦਾ, ਉੱਥੇ ਭ੍ਰਿਸ਼ਟ ਮੁਗ਼ਲ ਅਧਿਕਾਰੀਆਂ ਦੇ ਸਿਰਾਂ ਦੇ ਢੇਰ ਲੱਗ ਜਾਂਦੇ, ਉੱਥੇ ਹੀ ਬੰਦੇ ਦਾ ਖੰਡਾ ਕਿਸਾਨਾਂ ਲਈ ਖ਼ੁਸ਼ੀਆਂ ਭਰੀਆਂ ਹਵਾਵਾਂ ਵੀ ਲੈ ਕੇ ਆਉਂਦਾ। ਭ੍ਰਿਸ਼ਟ ਜ਼ਿਮੀਂਦਾਰਾਂ ਨੂੰ ਫੜ ਫੜ ਕੇ ਮਾਰ ਦਿੱਤਾ ਜਾਂਦਾ। ਜੋ ਬੰਦੇ ਦਾ ਸਾਹਮਣਾ ਕਰਦੇ, ਉਹ ਬੰਦੇ ਦੇ ਖੰਡੇ ਦੀ ਭੇਟ ਚੜ੍ਹਦੇ, ਜੋ ਬਾਕੀ ਬਚਦੇ ਉਨ੍ਹਾਂ ਨੂੰ ਕਿਸਾਨਾਂ ਦੀਆਂ ਡਾਂਗਾਂ ਅੱਗੇ ਆਪਣੇ ਪ੍ਰਾਣਾਂ ਦੀ ਆਹੂਤੀ ਦੇਣੀ ਪੈਂਦੀ। ਸਿੰਘਾਂ ਦਾ ਅਜਿਹਾ ਦਬਦਬਾ ਬੈਠਾ ਕਿ ਇਕੱਲੇ ਸਿੱਖ ਦੇ ਦਿਖਾਈ ਦੇ ਜਾਣ ਨਾਲ ਹੀ ਪੁਰਾਣੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਦੀ ਭੀੜ ਦੇ ਪ੍ਰਾਣ ਸੁੱਕਣ ਲੱਗ ਜਾਂਦੇ।

ਵਿਲੀਅਮ ਇਰਵਿਨ ਲਿਖਦਾ ਹੈ, 'ਇੱਕ ਨੀਚ ਭੰਗੀ ਜਾਂ ਚਮਾਰ ਲਈ, ਜਿਸ ਨੂੰ ਹਿੰਦੁਸਤਾਨੀਆਂ ਦੇ ਖ਼ਿਆਲ ਵਿੱਚ ਅਤਿ ਨੀਵਾਂ ਸਮਝਿਆਂ ਜਾਂਦਾ ਹੈ, ਸਿਰਫ਼ ਘਰ ਛੱਡ ਕੇ ਬੰਦਾ ਸਿੰਘ ਦੇ ਪਾਸ ਪਹੁੰਚਣਾ ਹੀ ਹੁੰਦਾ ਸੀ ਕਿ ਥੋੜ੍ਹੇ ਚਿਰ ਵਿੱਚ ਹੀ ਉਹ ਆਪਣੀ ਨਿਯੁਕਤੀ ਦਾ ਹੁਕਮ ਲੈ ਕੇ ਆਪਣੇ ਜਨਮ ਅਸਥਾਨ ਦਾ ਮਾਲਕ ਬਣ ਆਉਂਦਾ ਅਤੇ ਵੱਡੇ-ਵੱਡੇ ਅਧਿਕਾਰੀ ਉਸ ਦੇ ਸਾਹਮਣੇ ਹੱਥ ਜੋੜ ਉਸ ਦਾ ਸਵਾਗਤ ਕਰਨ ਲਈ ਖੜ੍ਹੇ ਹੁੰਦੇ।' ਬੰਦਾ ਸਿੰਘ ਬਹਾਦਰ ਨੇ ਆਪਣੇ ਐਲਾਨਨਾਮਿਆਂ ਵਿੱਚ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ। ਹੁਣ ਆਪਣੀ ਖੇਤੀ ਕਰਦੀ ਭੂਮੀ ਦੇ ਉਹ ਖ਼ੁਦ ਮਾਲਕ ਸਨ।

**ਬਾਕੀ ਸਫ਼ਾ ਨੰ 'ਤੇ**

# ਬੁਲਗਾਰੀਆ ਵਿਖੇ ਸਤਿਗੁਰੂ ਉਦੇ ਸਿੰਘ ਜੀ ਦੇ ਕੌਤਕ



**ਹਰਪਾਲ ਸਿੰਘ ਸੋਧੀ**

ਮੁਖਤਿਆਰ ਸਿੰਘ : ਲਗਦੈ ਇਸ ਸਾਲ ਮੀਂਹ ਨਹੀਂ ਪੈਣਾ ਤੇ ਸਾਰੀ ਫਸਲ ਦਾ ਨੁਕਸਾਨ ਹੋ ਜਾਣਾ ਏ।

ਮੈ: ਇਥੇ ਜ਼ਮੀਨੀ ਪਾਣੀ ਦੀ ਸੁਵਿਧਾ ਨਹੀਂ ਹੈ ?

ਮੁਖਤਿਆਰ ਸਿੰਘ: ਨਹੀਂ, 500 ਏਕੜ ਦੇ ਫਾਰਮ 'ਚ ਕਰੀਬ 5 ਬੋਰ ਨੇ ਓਹਨਾ 'ਚੋ ਵੀ ਬਹੁਤੇ ਸੁੱਕ ਗਏ ਨੇ, ਇਥੇ ਫਸਲਾਂ ਬਰਸਾਤ ਤੇ ਹੀ ਨਿਰਭਰ ਕਰਦੀਆਂ ਹਨ। ਲਗਦੈ ਇਸ ਸਾਲ ਤਗੜਾ ਨੁਕਸਾਨ ਝੱਲਣਾ ਪੈਣਾ।

ਇਹ ਵਾਰਤਾ ਬੁਲਗਾਰੀਆ ਸਨ 2013 ਦੀ ਹੈ।

ਸਨ 2013 ਮਈ ਦੇ ਮਹੀਨੇ ਦੀ 18 ਤਰੀਕ ਨੂੰ ਮੈਂ (ਹਰਪਾਲ ਸਿੰਘ) ਤੇ ਮੁਖਤਿਆਰ ਸਿੰਘ (ਨਾਮਧਾਰੀ ਸੀਡਜ ਕਮਪਨੀ ਦਾ ਕਰਮਚਾਰੀ) ਭਾਰਤ ਤੋ ਬੁਲਗਾਰੀਆ ਪਹੁੰਚੇ ਸਾਂ, ਜਿੱਥੇ ਨਾਮਧਾਰੀ ਸੀਡਜ਼ ਕੰਪਨੀ ਦਾ 500 ਏਕੜ ਦਾ ਫਾਰਮ ਹੈ, ਜਿਸ ਵਿਚ ਯੂਰਪ ਦੇਸ਼ਾਂ 'ਚ ਨਿਰਯਾਤ ਕਰਨ ਵਾਲੀਆਂ, ਸਬਜ਼ੀਆਂ, ਕੁਝ ਅਨਾਜ ਉਗਾਉਣ ਦੇ ਨਾਲ-ਨਾਲ ਬੀਜ ਉਤਪਾਦਨ ਵਾਸਤੇ ਰਿਸਰਚ ਅਤੇ ਡੇਵੇਲਮੇਂਟ ਦੇ ਲਈ ਬੀਜ ਉਗਾਏ ਜਾਂਦੇ ਸਨ, ਅਸੀਂ ਬੁਲਗਾਰੀਆ ਦੇ ਪਲੋਵਦੀਪ ਪ੍ਰਾਂਤ ਵਿਚ ਨਾਮਧਾਰੀ ਫਾਰਮ 'ਚ ਬਿਨਾ ਬਰਸਾਤ ਤੋ ਕੁਮਲਾਈ ਫਸਲ ਦਾ ਹਾਲ ਵੇਖ ਪ੍ਰੇਸ਼ਾਨ ਸਾਂ।

ਵਧੇਰੀ ਜਾਣਕਾਰੀ ਦਵਾਂ ਮੈਂ ਤਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਆਦੇਸ਼ ਅਨੁਸਾਰ ਇੱਥੇ ਇੱਕ ਕੋਲਡ ਸਟੋਰ ਦੀ ਉਸਾਰੀ ਵਾਸਤੇ ਬੁਲਗਾਰੀਆ ਆਉਣਾ ਹੀ ਸੀ, ਕੋਲਡ ਸਟੋਰ ਦਾ ਸਾਰਾ ਸਮਾਨ ਬੰਗਲੌਰ ਤੋਂ ਭੇਜਿਆ ਜਾ ਚੁੱਕਾ ਸੀ ਪਰ ਅਜੇ ਓਹ ਪਲੋਵਦੀਪ ਪਹੁੰਚਿਆ ਨਹੀਂ ਸੀ ਪਰ ਸਤਿਗੁਰੂ ਜੀ ਦਾ ਆਦੇਸ਼ ਸੀ ਕਿ ਮੁਖਤਿਆਰ ਸਿੰਘ ਚਲਾ ਹੈ ਤੂੰ ਉਸ ਨਾਲ ਹੀ ਚਲਾ ਜਾ ਅਤੇ ਸਤਿਗੁਰੂ ਜੀ ਨੇ ਇਹ ਵੀ ਜਾਣਕਾਰੀ ਦਿੱਤੀ ਸੀ ਕਿ ਥੋੜ੍ਹੇ ਦਿਨਾਂ 'ਚ ਓਹ ਵੀ ਬੁਲਗਾਰੀਆ ਪਹੁੰਚਣ ਗੇ ਅਤੇ ਇਸ਼ਾਰਾ ਸੀ ਕਿ ਸੋਧ ਦੇ ਲੰਗਰ ਪ੍ਰਸ਼ਾਦਿ ਦੀ ਸੇਵਾ ਵੀ ਮੈਨੂੰ ਨਿਭਾਉਣੀ ਹੈ, ਇਸ ਲਈ ਮੈ ਮੁਖਤਿਆਰ ਸਿੰਘ ਨਾਲ ਹੀ ਬੁਲਗਾਰੀਆ ਆਇਆ ਅਤੇ ਪਲੋਵਦੀਪ ਸ਼ਹਿਰ 'ਚ ਕੰਪਨੀ ਦੇ ਗੈਸਟ ਹਾਊਸ 'ਚ ਡੇਰਾ ਕੀਤਾ। ਮੇਰਾ ਕੰਮ ਅਜੇ ਸ਼ੁਰੂ ਨਹੀਂ ਸੀ ਹੋਇਆ, ਇਸ ਲਈ ਮੈਂ ਪਹਿਲੇ ਦਿਨ ਹੀ ਮੁਖਤਿਆਰ ਸਿੰਘ ਨਾਲ ਫੀਲਡ ਚਲਾ ਗਿਆ ਅਤੇ ਉਸ ਤੋਂ ਬਾਅਦ ਸੋਧ ਦਾ ਜਲ ਭਰਨ ਲਈ ਸ਼ਹਿਰ ਤੋਂ ਕਰੀਬ 30 ਕਿ.ਮੀ. ਦੂਰੀ ਤੇ ਇਕ ਝਰਨੇ ਤੇ ਜਾ ਕੇ ਪਾਣੀ ਦੇ ਡਰੱਮ ਭਰ ਕੇ ਲੈਅ ਆਇਆ। ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਮੁਖਤਿਆਰ ਸਿੰਘ ਨੇ ਇਥੋਂ ਦੇ ਮੈਨੇਜਰ ਨੂੰ ਹਿਦਾਇਤ ਦਿੱਤੀ ਕਿ ਜਦੋਂ ਤਕ ਸਤਿਗੁਰੂ ਜੀ ਨਹੀਂ ਆਉਂਦੇ ਮੈਨੂੰ ਘੁਮਾਇਆ ਜਾਵੇ ਅਤੇ ਮੈਂ ਕੁਝ ਕੁ ਦਿਨਾਂ 'ਚ ਹੀ ਲਾਗੇ ਚਾਗੇ ਦੇ ਸਾਰੇ ਦਾਰਸ਼ਨਿਕ ਥਾਵਾਂ ਦਾ ਵੀ ਆਨੰਦ ਮਾਣ ਲਿਆ। ਮੈਨੂੰ ਬੱਸ ਇਨਾ ਪਤਾ ਲਗਾ ਕਿ ਸਤਿਗੁਰੂ ਜੀ 31 ਮਈ ਨੂੰ ਸਵੇਰੇ ਕਰੀਬ 9 ਵਜੇ ਪਹੁੰਚ ਰਹੇ ਹਨ।

ਇਹ ਗਲ ਵੀ ਠੀਕ ਹੈ ਕਿ ਸਤਿਗੁਰੂ ਉਦੇ ਸਿੰਘ ਜੀ ਅਜੇ ਕੁਝ ਸਮਾਂ ਪਹਿਲਾਂ ਦੀ ਗੁਰ ਗੱਦੀ ਤੇ ਬਿਰਾਜਮਾਨ ਹੋਏ ਸਨ ਅਤੇ ਮੈਂ ਅਜੇ ਨਵਾ-ਨਵਾ ਹੀ ਚਰਨੀ ਲਗਾ ਸਾਂ ਜਿਸ ਬਾਬਤ ਮੈਂ ਪਿਛਲੇ ਸਾਲ ਦੇ ਸਾਲਾਨਾ ਅੰਕ ਵਿੱਚ ਵੀ ਆਰਟੀਕਲ ਲਿਖਿਆ ਕਿ ਕਿਵੇਂ ਮੇਰੀ ਸ਼ਰਧਾ ਬਣੀ। ਸਤਿਗੁਰੂ ਉਦੇ ਸਿੰਘ ਜੀ ਨੇ ਬਹੁਤ ਬਖਸ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਪਰ ਬੁਲਗਾਰੀਆ ਦੌਰੇ 'ਚ ਮੈਨੂੰ ਕੁਝ ਕੌਤਕ ਵੀ ਵਖਾਉਣੇ ਸਨ। ਜਿਸ ਦਾ ਸਿਲਸਿਲਾ 31 ਤਰੀਕ ਦੀ ਸਵੇਰ ਤੋਂ ਹੀ ਸ਼ੁਰੂ ਹੋ ਗਿਆ, ਕਰੀਬ ਪਿਛਲੇ 2 ਦਿਨ ਦਾ ਮੁਖਤਿਆਰ ਸਿੰਘ ਕੰਪਨੀ ਦੇ ਕੰਮ ਤੋਂ ਦੂਸਰੇ ਸ਼ਹਿਰ ਚਲਾ ਗਿਆ ਹੋਇਆ ਸੀ ਅਤੇ ਉਸਨੇ 31 ਤਰੀਕ ਨੂੰ ਹੀ ਵਾਪਸ ਪਲੋਵਦੀਪ ਆਉਣਾ ਸੀ।

ਮੈ ਪਿਛਲੇ ਦੋ ਦਿਨ ਤੋਂ ਮੁਖਤਿਆਰ ਸਿੰਘ ਕੋਲੋਂ ਜਾਣਕਾਰੀ ਲੈਣਾ ਚਾਉਂਦਾ ਸਾਂ ਕਿ ਸਤਿਗੁਰੂ ਜੀ ਆ ਕੇ ਜਲ

ਪਾਣੀ ਛਕਣ ਗੇ ਜਾਂ ਪ੍ਰਸ਼ਾਦਾ ਕਿਉਂਕਿ ਸਤਿਗੁਰੂ ਜੀ ਨੇ ਇਟਲੀ ਤੋਂ ਆਉਣਾ ਸੀ ਤੇ ਮੈਨੂੰ ਜਾਣਕਾਰੀ ਨਹੀਂ ਸੀ ਕਿ ਸਤਿਗੁਰੂ ਜੀ ਬਿਨਾ ਅੰਨ ਦੇ ਪਦਾਰਥ ਛਕਣ ਗੇ ਜਾ ਦਾਲਾ ਪ੍ਰਸ਼ਾਦਾ ਛਕਣ ਗੇ, ਮੈਨੂੰ ਇਨਾ ਵੀ ਨਹੀਂ ਪਤਾ ਸੀ ਕਿ ਨਾਲ ਕੌਣ ਹੋਵੇਗਾ, ਮੁਖਤਿਆਰ ਨਾਲ ਮੇਰਾ ਕੋਈ ਸੰਪਰਕ ਨਾ ਹੋਇਆ ਮੈ ਹਾਰ ਕੇ ਸੋਚਿਆ ਕਿ ਚਲੋ ਕੁਝ ਬਿਨਾ ਅੰਨ ਵਾਲੇ ਪਦਾਰਥ ਵੀ ਤਿਆਰ ਕਰ ਲਵਾਂਗਾ ਅਤੇ ਦਾਲਾ ਵੀ ਬਣਾ ਲਵਾਂਗਾ ਬਾਕੀ ਜੋ ਰਜਾ ਹੋਵੇਗੀ ਛਕ ਲੈਣਗੇ।

31 ਤਰੀਕ ਸਵੇਰੇ ਕਰੀਬ 2 ਵਜੇ ਤੜਕੇ ਅੰਮ੍ਰਿਤ ਵੇਲੇ ਮੈਨੂੰ ਸੁਪਨਾ ਆਉਂਦਾ ਹੈ, ਸਤਿਗੁਰੂ ਜੀ ਗੱਡੀ ਚਲਾ ਕੇ ਆਪ ਸਾਡੇ ਦਿੱਲੀ ਵਾਲੇ ਘਰ ਆਏ ਹਨ, ਨਾਲ ਬੀਬੀ ਗੁਰਸ਼ਰਨ ਕੌਰ ਜੀ (ਉਦੋਂ ਬੀਬੀ ਜੀ ਹੀ ਆਖੀਦਾ ਸੀ), ਕਾਕਾ ਉੱਤਮ ਸਿੰਘ ਜੀ ਅਤੇ ਸਤਿਗੁਰੂ ਜੀ ਦੀ ਸਪੁੱਤਰੀ ਉੱਜਲ ਕੌਰ ਜੀ ਵੀ ਨਾਲ ਹਨ, ਮੈਂ ਸਾਰਿਆ ਨੂੰ ਉਪਰ ਕਮਰੇ ’ਚ ਲਜਾ ਕੇ ਜਲ ਪਾਣੀ ਬਿਨਾ ਅੰਨ ਵਾਲਾ ਛਕਾਉਂਦਾ ਹਾਂ, ਜਲ ਪਾਣੀ ਛਕ ਬੱਚੇ ਅਤੇ ਬੀਬੀ ਜੀ ਆਰਾਮ ਕਰਦੇ ਹਨ ਸਤਿਗੁਰੂ ਜੀ ਮੈਨੂੰ ਹੁਕਮ ਕਰਦੇ ਹਨ ਹਰਪਾਲ ਅੱਜ ਤਾਂ ਜਲ ਪਾਣੀ ਛਕਾਇਆ ਸਵੇਰੇ ਪ੍ਰਸ਼ਾਦਾ ਹੀ ਤਿਆਰ ਕਰ ਲਵੀ, ਇਨਾ ਸੁਪਨਾ ਵੇਖ ਮੇਰੀ ਜਾਗ ਖੁੱਲ੍ਹ ਗਈ ਮੈਨੂੰ ਯਕੀਨ ਹੋ ਗਿਆ ਕਿ ਸਤਿਗੁਰੂ ਜੀ ਸਵੇਰੇ ਪ੍ਰਸ਼ਾਦਾ ਹੀ ਛਕਣ ਗੇ, ਮੈਂ ਰੀਝ ਲਾ ਕੇ ਦਾਲਾ ਰਿਨ੍ਹ ਲਿਆ ਅਤੇ ਆਟਾ ਗੁੰਨ੍ਹ ਲਿਆ, ਪਰ ਫੇਰ ਵੀ ਇਹਤਿਆਤ ਦੇ ਤੌਰ ਤੇ ਕੁਝ ਜਲ-ਪਾਣ ਬਿਨਾ ਅੰਨ ਦਾ ਵੀ ਤਿਆਰ ਕੀਤਾ, ਸ਼ਾਇਦ ਇਹ ਪਹਿਲੀ ਵਾਰ ਸੀ ਕਿ ਮੈਨੂੰ ਸਤਿਗੁਰੂ ਉਦੇ ਸਿੰਘ ਜੀ ਦੇ ਸੁਪਨੇ ’ਚ ਦਰਸ਼ਨ ਹੋਏ ਸਨ, ਉਹ ਵੀ ਬੀਬੀ ਜੀ ਅਤੇ ਬਚਿਆ ਸਮੇਤ, ਅਕਸਰ ਅਸੀਂ ਸੁਪਨੇ ਨੂੰ ਸਾਡੀ ਬੀਤੇ ਦਿਨੀਂ ਦਿਮਾਗ ’ਚ ਚਲ ਰਹੀ ਸੋਚ ਦਾ ਨਤੀਜਾ ਹੀ ਮੰਨਦੇ ਹਾਂ ਪਰ ਇਹ ਸੁਪਨਾ ਉਂਜ ਹੀ ਨਹੀਂ ਹੋ ਸਕਦਾ ਸੀ ਕਿਉਂਕਿ ਮੈਨੂੰ ਹੈਰਾਨਗੀ ਓਦੋਂ ਹੋਈ ਜਦੋਂ ਗੈਸਟ ਹਾਊਸ ਦੀ ਘੰਟੀ ਵੱਜੀ ਅਤੇ ਮੈਂ ਖਿੜਕੀ ’ਚੋਂ ਵੇਖਿਆ ਕਿ ਸਤਿਗੁਰੂ ਜੀ ਆਪ ਗੱਡੀ ਚਲਾ ਕੇ ਆਏ ਸਨ ਅਤੇ ਬੀਬੀ ਗੁਰਸ਼ਰਨ ਕੌਰ ਜੀ ਅਤੇ ਕਾਕਾ ਉੱਤਮ ਸਿੰਘ ਜੀ ਅਤੇ ਉੱਜਲ ਕੌਰ ਜੀ ਵੀ ਉਹਨਾਂ ਨਾਲ ਸਨ। ਮੈਂ ਇਹ ਤਾਂ ਕਦੀ ਸੋਚ ਵੀ ਨਹੀਂ ਸੀ ਸਕਦਾ ਸਾਂ ਕੇ ਸਤਿਗੁਰੂ ਜੀ ਆਪ ਗੱਡੀ ਚਲਾ ਕੇ ਆਉਣ ਗੇ ? ਅਤੇ ਬੱਚੇ ਵੀ ਉਹਨਾਂ ਨਾਲ ਹੋਣਗੇ? ਮੇਰੇ ਮੁਤਾਬਕ ਤਾਂ ਸਤਿਗੁਰੂ ਜੀ ਟੈਕਸੀ ਤੇ ਆਉਣਾ ਸੀ ਪਰ ਸਤਿਗੁਰੂ ਜੀ ਬੁਲਗਾਰੀਆ ਦੀ ਰਾਜਧਾਨੀ ਸੋਫੀਆ ’ਚ ਉੱਤਰ ਕੇ self dirve texi ਕਿਰਾਏ ਤੇ ਕਰ ਕੇ ਗੱਡੀ ਚਲਾ ਕੇ ਆਏ ਸਨ। ਇਹ ਤਾਂ ਪੂਰੀ ਸੁਪਨੇ ਵਾਲੀ ਸੱਚ ਹੋ ਵਾਪਰੀ ਮੈਂ ਥੱਲੇ ਜਾ ਚਰਨੀ ਮੱਥਾ ਟੇਕਿਆ, ਸਤਿਗੁਰੂ ਜੀ ਅਤੇ ਗੁਰੂ ਪਰਿਵਾਰ ਉਪਰ ਆਇਆ, ਮੈ ਅਰਜ਼ ਕੀਤੀ ਕਿ ਆਪ ਜੀ ਜਲ ਪਾਣੀ ਛਕਣਾ ਕੇ ਪ੍ਰਸ਼ਾਦਾ, ਸਤਿਗੁਰੂ ਜੀ ਹੁਕਮ ਕੀਤਾ ਹਰਪਾਲ ਸਵੇਰੇ ਇਸ਼ਨਾਨ ਕੀਤਾ ਸੀ ਅਤੇ ਅਸੀ ਖੁੱਲ੍ਹੇ ਨਹੀਂ ਹੋਏ ਫਲਾਈਟ ਵੀ ਛੋਟੀ ਸੀ, ਇਸ ਲਈ ਪ੍ਰਸ਼ਾਦਾ ਹੀ ਛਕਾਂਗੇ ਅਤੇ ਪੁੱਛਿਆ “ਕੀ ਬਣਾਇਆ”? ਮੈ ਅਰਜ਼ ਕੀਤੀ “ਜੀ ਦਾਲਾ ਤਿਆਰ ਹੈ ਆਟਾ ਗੁਝਾ ਹੈ ਬਾਕੀ ਹੋਰ ਵੀ ਬਹੁਤ ਕੁਝ ਹੈ”, ਬੀਬੀ ਜੀ ਆਖਿਆ “ਚੱਲ ਹਰਪਾਲ ਤੂੰ ਸਭ ਨੂੰ ਛਕਾ ਤੇ ਮੈਂ ਪ੍ਰਸ਼ਾਦੇ ਪਕਾਉਂਦੀ ਹਾਂ”, ਬੀਬੀ ਜੀ ਨੇ ਪ੍ਰਸ਼ਾਦੇ ਪਕਾਏ ਮੈਂ ਸਭ ਦੇ ਹੱਥ ਧੁਆ ਕੇ ਲੰਗਰ ਵਰਤਾਉਣਾ ਸ਼ੁਰੂ ਕਰ ਦਿੱਤਾ ਅੱਜ ਵੀ ਯਾਦ ਹੈ ਸਤਿਗੁਰੂ ਜੀ ਨੇ ਪ੍ਰਸ਼ਾਦਾ ਛਕਦਿਆਂ ਤਿੰਨ ਵਾਰ ਹੁਕਮ ਕੀਤਾ “ਉੱਜਲ ਦਾਲਾ ਕਿੰਨਾ ਸੁਆਦ ਏ”, ਉਹਨਾਂ ਅਗੋ ਆਖਣਾ “ਜੀ ਪਿਤਾ ਜੀ”, ਅੱਜ ਫੇਰ ਇਹ ਸਭ ਲਿਖਦਿਆਂ ਮੇਰੀਆ ਅੱਖਾਂ ’ਚ ਤਰਾਵਟ ਹੈ।

ਮੁਖਤਿਆਰ ਵੀ ਆ ਗਿਆ ਉਸ ਨੂੰ ਵੀ ਪ੍ਰਸ਼ਾਦਾ ਛਕਾਇਆ। ਬੀਬੀ ਜੀ ਤੇ ਮੈਂ ਵੀ ਛਕ ਲਿਆ। ਹੁਣ ਜਾਣਾ ਸੀ, ਫੀਲਡ ਵਿਚ, ਮੈਨੂੰ ਵੀ ਹੁਕਮ ਹੋਇਆ ਨਾਲ ਚੱਲਣ ਦਾ, ਮੈਂ ਸੋਧੀ ਵੀ ਸਾਂ ਤੇ ਲਾਂਗਰੀ ਦੇ ਨਾਲ ਨਾਲ ਇਸ ਦੌਰੇ ਹਜ਼ੂਰੀ ਸੇਵਕਾਂ ਵਾਂਗ ਗੜਵਈ ਵੀ ਬਣ ਗਿਆ।

ਅਸੀ ਫਾਰਮ ਤੇ ਪੁੱਜੇ ਅਤੇ ਤੁਰਨ ਲਗ ਗਏ ਸਤਿਗੁਰੂ ਜੀ ਤੇ ਮੁਖਤਿਆਰ ਅੱਗੇ-ਅੱਗੇ ਤੁਰੇ ਜਾ ਰਹੇ ਸਨ ਅਤੇ ਮੈਂ ਤੇ ਬੀਬੀ ਜੀ ਮਗਰ-ਮਗਰ ਆਪਣੀਆਂ ਹੀ ਗਲਾਂ ਤੋਰੀ ਬੈਠੇ ਸਾਂ, ਉੱਤਮ ਜੀ ਤੇ ਉੱਜਲ ਜੀ ਹੋਰ ਪਾਸੇ ਮਸਤ ਸਨ, ਮੁਖਤਿਆਰ ਸਤਿਗੁਰੂ ਜੀ ਨੂੰ ਜਾਣਕਾਰੀ ਦਿੰਦਾ ਹੈ ਕਿ ਬਾਰਸ਼ ਤੋਂ ਬਗੈਰ ਕਿਹੜੀ-ਕਿਹੜੀ ਫ਼ਸਲ ਖ਼ਰਾਬ ਹੋ ਰਹੀ ਹੈ ਅਤੇ ਕਿਹੜੀ-ਕਿਹੜੀ ਛੇਤੀ ਹੀ ਖ਼ਰਾਬ ਹੋ ਜਾਵੇਗੀ, ਸਾਨੂੰ ਸਤਿਗੁਰੂ ਜੀ ਅਤੇ ਮੁਖਤਿਆਰ ਦੀਆਂ ਸਾਰੀਆਂ ਗਲਾਂ ਸੁਣ ਰਹੀਆਂ ਸਨ, ਬੀਬੀ ਜੀ ਮੈਨੂੰ ਆਖਦੇ ਇਹ ਤਾਂ ਬੜਾ ਨੁਕਸਾਨ ਹੋਵੇਗਾ ਜੇ ਮੀਂਹ ਨਾਂ ਪਿਆ, ਮੈ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੱਦੀ ਤੇ ਬਿਰਾਜਮਾਨ ਹੁੰਦਿਆਂ ਹੀ ਇੰਗਲੈਂਡ ’ਚ ਮੀਂਹ ਪੁਆਇਆ ਸੀ ਸਤਿਗੁਰੂ ਜੀ ਵੀ ਹੁਣ ਉਸ ਥਾਂ ਤੇ ਹੀ ਹਨ, ਉਹ ਆਪ ਕਿਰਪਾ ਕਰਨ ਤਾਂ ਮੀਂਹ ਪੈ ਜਾਵੇ, ਜਿਵੇਂ ਸਾਨੂੰ ਓਹਨਾ ਦੀਆਂ ਗੱਲਾਂ ਸੁਣ ਰਹੀਆਂ ਸਨ ਯਕੀਨਨ ਸਤਿਗੁਰੂ ਜੀ ਨੂੰ ਵੀ ਮੇਰੀ ਅਤੇ ਬੀਬੀ ਜੀ ਦੀ ਇਹ ਗੱਲ ਸੁਣੀ, ਸਤਿਗੁਰੂ ਜੀ ਇਥੇ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਕਈਆ ਨੂੰ ਮਿਲਦੇ-ਗਿਲਦੇ ਰਹੇ ਅਤੇ ਸ਼ਾਮ ਨੂੰ ਅਸੀਂ ਡੇਰੇ ਪਹੁੰਚੇ ਸਭ ਨੇ ਜਲ-ਪਾਣੀ ਛਕਿਆ ਸਤਿਗੁਰੂ ਜੀ ਅਤੇ ਪਰਿਵਾਰ ਥੋੜਾ ਦੂਰ ਬੁੱਕ ਕੀਤੇ

ਆਪਣੇ ਡੇਰੇ ਜਾ ਬਿਰਾਜੇ। ਮੈਂ ਤੇ ਮੁਖਤਿਆਰ ਵੀ ਸੌਂ ਗਏ।

ਸਵੇਰੇ ਉੱਠ ਵੇਖਿਆ ਕਿ ਸਾਰੀ ਰਾਤ ਬੜੀ ਹੁਮ ਹਮਾ ਕੇ ਬਰਸਾਤ ਹੋਈ ਅਤੇ ਅਜੇ ਵੀ ਕਿਣ-ਮਿਨ ਜਾਰੀ ਸੀ ਸਤਿਗੁਰੂ ਜੀ, ਬੀਬੀ ਜੀ, ਬੱਚੇ ਆਏ ਸਭ ਨੇ ਪ੍ਰਸ਼ਾਦਾ ਛਕਿਆ ਅਤੇ ਅਸੀਂ ਸਾਰੇ ਫੇਰ ਫੀਲਡ ਤੇ ਗਏ, ਕਿਨ-ਮਿਨ ਜਾਰੀ ਰਹੀ ਸਾਰਿਆ ਦੇ ਚਿਹਰੇ ਤੇ ਖੁਸ਼ੀ, ਅਸੀਂ ਵਾਪਸ ਆਏ, ਜਲ ਪਾਣੀ ਤਿਆਰ ਕੀਤਾ, ਉਹ ਛਕਦਿਆਂ ਮੁਖਤਿਆਰ ਨੇ ਅਰਜ਼ ਕੀਤੀ ਜੀ ਮੈ ਤਾਂ ਰੋਜ਼ forecast ਵੇਖਦਾ ਸੀ ਅਜੇ ਦੂਰ-ਦੂਰ ਤੱਕ ਮੀਂਹ ਦੀ ਕੋਈ ਉਮੀਦ ਨਹੀਂ ਸੀ, ਰਾਤ ਵੀ ਸਾਡੇ ਸੌਣ ਤਕ ਬੱਦਲਾਂ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ, ਮੈ ਅਰਜ਼ ਕਰ ਦਿੱਤੀ ਗਰੀਬ ਨਿਵਾਜ਼ ਜੀਉ ਮੀਂਹ ਫੋਰਕਾਸਤਾ ਫੁਰਕਸਤਾਂ ਨਾਲ ਨਹੀਂ ਪੈਂਦਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਇੰਗਲੈਂਡ 'ਚ ਮੀਂਹ ਪਵਾਇਆ ਸੀ ਆਪ ਜੀ ਵੀ ਗੱਦੀ ਤੇ ਬਿਰਾਜ ਮਾਨ ਹੋ ਕੇ ਪਹਿਲੀ ਵਾਰ ਯੂਰਪ ਆਏ ਹੋ ਆਪ ਜੀ ਨੇ ਹੀ ਇਥੇ ਮੀਂਹ ਪਵਾਇਆ ਹੈ, ਸਤਿਗੁਰੂ ਜੀ ਨੇ ਹੱਥ ਜੋੜਦਿਆਂ ਬਚਨ ਕੀਤਾ ਹਰਪਾਲ ਮੈਂ ਨਹੀਂ ਇਹ ਕਿਰਪਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੀ ਹੈ। ਮੈਂ ਅਰਜ਼ ਕੀਤੀ ਗਰੀਬ ਨਿਵਾਜ਼ ਜੀਉ ਕਿਰਪਾ ਓਹਨਾ ਦੀ ਹੈ ਭਾਵੇਂ ਪਰ ਵਰਤਦੀ ਤੇ ਹੁਣ ਆਪ ਜੀ 'ਚੋ ਹੈ, ਸਤਿਗੁਰੂ ਜੀ ਨੇ ਫੇਰ ਹੱਥ ਹੀ ਜੋੜੇ ਅਤੇ ਮੁਸਕਰਾ ਪਏ ਅਤੇ ਸਾਰਿਆ ਦੇ ਚਿਹਰੇ ਖੇੜੇ 'ਚ ਆ ਗਏ।

ਹੈ ਤਾਂ ਓਹੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੋਤ, ਜਿਨਾ ਨੇ ਇੰਗਲੈਂਡ 'ਚ ਸੋਕੇ ਦੀ ਮਾਰ ਝਲ ਰਹੇ ਲੋਕਾਂ ਦੀ ਅਰਜ਼ ਪ੍ਰਵਾਨ ਕਰ ਕੇ ਬਿਨਾ ਬਦਲਾ ਤੋ 1976 ਅਗਸਤ ਦੇ ਮਹੀਨੇ ਮੀਂਹ ਪਵਾ ਦਿੱਤਾ ਸੀ ਅਤੇ ਅਖਬਾਰਾਂ ਨੇ ਉਹਨਾਂ ਨੂੰ god of rian ਲਿਖ ਖ਼ਬਰਾਂ ਛਾਪੀਆਂ ਸਨ। 2013 ਵਿੱਚ ਓਹੀ ਚਮਤਕਾਰ ਅਸੀ ਆਪਣੀਆਂ ਅੱਖਾਂ ਸਾਹਵੇਂ ਹੁੰਦਾ ਵੇਖਿਆ।

ਉਸ ਦੌਰੇ ਹੋਰ ਵੀ ਬਹੁਤ ਸਾਰੀਆਂ ਏਸ਼ੀਆ ਘਟਨਾਵਾਂ ਵਾਪਰੀਆਂ ਜਿਹੜੀਆਂ ਮੈਨੂੰ ਅੱਜ ਵੀ ਅਸਚਰਜ 'ਚ ਲੈ ਜਾਂਦੀਆਂ ਹਨ। ਮੈ ਨਿੱਜ ਸੇਵਕਾਂ ਵਾਂਗ ਉਸ ਦੌਰੇ ਦਾ ਆਨੰਦ ਮਾਣਿਆ ਅਸੀ ਸਾਰੇ ਇਕੱਠੇ ਹੀ ਸਟੋਰਾਂ 'ਚ ਜਾਂਦੇ ਇਕੱਠੇ ਹੀ ਰਸਦ ਲਿਉਂਦੇ ਇਕੱਠੇ ਹੀ ਸੋਧ ਦਾ ਜਲ ਭਰਦੇ ਤੇ ਮਾਤਾ ਜੀ ਤੇ ਮੈਂ ਰਲ-ਮਿਲ ਪ੍ਰਸ਼ਾਦਾ ਤਿਆਰ ਕਰਦੇ। ਮੇਰੀ ਜਿੰਦਗੀ ਦੇ ਉਹ ਹਸੀਨ ਪਲ ਅੱਜ ਸੰਗਤ ਨਾਲ ਸਾਂਝੇ ਕੀਤੇ। ਕਿਵੇਂ ਸਤਿਗੁਰੂ ਜੀ ਨੇ ਜਿਵੇਂ ਬੁਲਗਾਰੀਆ ਪਹੁੰਚਣਾ ਸੀ ਮੈਨੂੰ ਸੁਪਨੇ 'ਚ ਵਖਾਇਆ ਕਿ ਬੁਲਗਾਰੀਆ ਦੀ ਧਰਤੀ ਤੇ ਮੀਂਹ ਪਵਾਇਆ ਅਤੇ ਮੇਰੇ ਬੰਜਰ ਮਨ ਤੇ ਵੀ ਮਿਹਰ ਦਾ ਮੀਂਹ ਬਰਸਾ ਸ਼ਰਧਾ ਭਾਵਨਾ ਦੇ ਫੁੱਲ ਖਿੰਡਾਏ।

.............................................................

## ...ਖੰਡੇ ਦੇ ਜ਼ੋਰ ਨਾਲ ਉਖਾੜਨ ਵਾਲਾ ਜਰਨੈਲ

ਉਨ੍ਹਾਂ ਨੇ ਬੜੀ ਉਤਸੁਕਤਾ ਨਾਲ ਬੰਦਾ ਸਿੰਘ ਬਹਾਦਰ ਨੂੰ ਆਪਣਾ ਬਾਦਸ਼ਾਹ ਕਬੂਲ ਲਿਆ ਅਤੇ ਵੱਡੀ ਗਿਣਤੀ ਵਿੱਚ ਉਸ ਦੀ ਸੈਨਾ ਵਿੱਚ ਭਰਤੀ ਹੋਣ ਲੱਗੇ, ਉਹ ਭਾਵੇਂ ਕਿਸੇ ਵੀ ਧਰਮ ਨਾਲ ਸਬੰਧਤ ਸਨ। ਸ਼ਾਇਦ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਅਤੇ ਮੁਗ਼ਲਾਂ ਦੇ ਹੱਥ ਲੰਮੇ ਸਮੇਂ ਤਕ ਉਸ ਦੇ ਨਾ ਲੱਗਣ ਦਾ ਕਾਰਨ, ਕਿਸਾਨਾਂ ਦੁਆਰਾ ਉਸ ਨੂੰ ਦਿੱਤੀ ਜਾਣ ਵਾਲੀ ਹਮਾਇਤ ਦਾ ਹੀ ਨਤੀਜਾ ਸੀ।

ਬੰਦਾ ਸਿੰਘ ਬਹਾਦਰ ਦੁਆਰਾ ਇਸ ਤਰ੍ਹਾਂ ਦੇ ਕਦਮ ਚੁੱਕੇ ਜਾਣ ਦਾ ਕਾਰਨ ਇਹ ਸੀ ਕਿ ਉਹ ਆਪਣੇ ਪਿਤਾ ਨਾਲ ਖੇਤੀਬਾੜੀ ਵਿੱਚ ਹੱਥ ਵਟਾ ਚੁੱਕਿਆ ਸੀ ਅਤੇ ਉਸ ਨੇ ਕਿਸਾਨੀ ਮੁਸੀਬਤਾਂ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਸੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਕਿਸਾਨ ਜਮਾਤ ਦੀ ਹਮਾਇਤ ਕਿਸੇ ਰਾਜ ਭਾਗ ਨੂੰ ਬੁਲੰਦੀਆਂ ਤਕ ਪਹੁੰਚਾ ਸਕਦੀ ਹੈ। ਇਹੀ ਕਾਰਨ ਸੀ ਕਿ ਬੰਦਾ ਸਿੰਘ ਬਹਾਦਰ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਸਮਝਿਆ ਅਤੇ ਕਿਸਾਨ ਵੀ ਬੰਦੇ ਦੀ ਸੈਨਾ ਦਾ ਅਹਿਮ ਅੰਗ ਬਣ ਗਏ, ਹੁਣ ਕਿਸਾਨਾਂ ਦੀਆਂ ਦਾਤਰੀਆਂ ਤਲਵਾਰਾਂ ਦਾ ਰੂਪ ਧਾਰਨ ਕਰ ਕੇ ਜ਼ਿਮੀਂਦਾਰਾਂ ਦੀਆਂ ਗਰਦਨਾਂ ਕੱਟ ਸੁੱਟਣ ਵਿੱਚ ਕਾਮਯਾਬ ਹੋਈਆਂ। ਬੰਦਾ ਸਿੰਘ ਬਹਾਦਰ ਦਾ ਇਹ ਕਾਰਜ ਕਾਲ ਭਾਵੇਂ ਥੋੜ੍ਹਾ ਸਮਾਂ ਹੀ ਰਿਹਾ ਪਰ ਇਸ ਦੇ ਪ੍ਰਭਾਵ ਚਿਰ ਸਥਾਈ ਸਨ। ਉਹ ਪਹਿਲਾ ਸਿੱਖ ਸੀ, ਜੋ ਬਚਾਅ ਦੀ ਥਾਂ ਖ਼ੁਦ ਮੁਗ਼ਲ ਕਿਲ੍ਹਿਆਂ ਵਿੱਚ ਜਾ ਖ਼ਾਲਸਾਈ ਖੰਡਾ ਖੜਕਾਉਂਦਾ ਰਿਹਾ। ਉਹ ਪਹਿਲੇ ਸਿੱਖ ਰਾਜ ਦਾ ਅਸਲ ਸਿਰਜਣਹਾਰਾ ਸੀ।

ਅਮਤ ਬੰਦਾ ਸਿੰਘ ਬਹਾਦਰ ਦੇ ਦੋ ਸਾਲ ਦੇ ਬੱਚੇ ਦਾ ਕਲੇਜਾ ਕੱਢ ਕੇ ਉਸ ਦੇ ਮੂੰਹ ਵਿੱਚ ਪਾਇਆ ਗਿਆ ਅਤੇ ਬੰਦਾ ਸਿੰਘ ਬਹਾਦਰ ਦੇ ਸਰੀਰ ਦਾ ਮਾਸ ਜਮੂਰਾਂ ਨਾਲ ਨੋਚਿਆ ਗਿਆ। ਇਸ ਤਰ੍ਹਾਂ 9 ਜੂਨ 1716 ਨੂੰ ਸੀਸ ਕਲਮ ਕਰ ਕੇ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰ ਦਿੱਤਾ ਗਿਆ। ਇਤਿਹਾਸਕਾਰ ਗੰਡਾ ਸਿੰਘ ਲਿਖਦਾ ਹੈ, ਬੰਦਾ ਸਿੰਘ ਬਹਾਦਰ ਦੁਆਰਾ ਕਿਸਾਨਾਂ ਦੀ ਉਨ੍ਹਾਂ ਦੀਆਂ ਜ਼ਮੀਨਾਂ ਉੱਪਰ ਮਲਕੀਅਤ ਦੀ ਪਰੰਪਰਾ ਇਸੇ ਤਰ੍ਹਾਂ ਸਿੱਖ ਮਿਸਲਦਾਰੀ ਕਾਲ ਵਿੱਚ ਵੀ ਕਾਇਮ ਰਹੀ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਇਸ ਸਿਸਟਮ ਨੂੰ ਕਬੂਲਣ ਵਿੱਚ ਕਿਸੇ ਪ੍ਰਕਾਰ ਦੀ ਝਿਜਕ ਨਾ ਦਿਖਾਈ।

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

1. ਉਸਤਾਦ ਪਿਆਰਾ ਸਿੰਘ ਤਾਰ ਸ਼ਹਿਨਾਈ, 2. ਉਸਤਾਦ ਮਹਿੰਦਰ ਸਿੰਘ ਅੰਮ੍ਰਿਤਸਰੀ, 3. ਉਸਤਾਦ ਹਰਭਜਨ ਸਿੰਘ ਦਿੱਲੀ, 4. ਸੰਤ ਹਰਬੰਸ ਸਿੰਘ ਘੁੱਲਾ, 5. ਸੰਤ ਖਜਾਨ ਸਿੰਘ, 6. ਸ੍ਰੀ ਗੁਰਦੇਵ ਸਿੰਘ, 7. ਸ੍ਰੀ ਬਲਜੀਤ ਸਿੰਘ, 8. ਸ੍ਰੀ ਮੋਹਣ ਸਿੰਘ , 9. ਸ੍ਰੀ ਸੁਖਦੇਵ ਸਿੰਘ, 10. ਸ੍ਰੀ ਸੁਖਵਿੰਦਰ ਸਿੰਘ ਪਿੰਕੀ, 11. ਸ੍ਰੀ ਸੁਰਜੀਤ ਸਿੰਘ, 12. ਸ੍ਰੀ ਸਤਪਾਲ ਸਿੰਘ , 13. ਸੰਤ ਹਜੂਰ ਸਿੰਘ, 14. ਸੰਤ ਸੁਜਾਨ ਸਿੰਘ, 15. ਸੰਤ ਬਲਦੇਵ ਸਿੰਘ, 16. ਸੰਤ ਜਿਤਿੰਦਰ ਪਾਲ ਸਿੰਘ, 17. ਸੰਤ ਹਰਪ੍ਰੀਤ ਸਿੰਘ, 18. ਸੰਤ ਸ਼ੇਰ ਸਿੰਘ, 19. ਸੰਤ ਸੁਖਦੇਵ ਸਿੰਘ ਝੱਖੀ ਅਤੇ ਹੋਰ ਸੰਗੀਤ ਪ੍ਰੇਮੀ ਵੀ ਨਾਲ ਬੈਠਦੇ।

ਸੰਤ ਹਰਜਿੰਦਰ ਸਿੰਘ ਸਟੀਲਮੈਨ ਯੂ. ਕੇ.ਵਾਲਿਆਂ ਤੋਂ ਪਤਾ ਲੱਗਾ ਕਿ ਸਤਿਗੁਰੂ ਜੀ ਦਾ 25. 3. 87 ਨੂੰ ਯੂ. ਕੇ. ਜਾਣ ਦਾ ਪ੍ਰੋਗਰਾਮ ਬਣ ਗਿਆ ਹੈ ਜਿੱਥੇ ਅੱਗੇ ਅਫਰੀਕਾ ਵਿਖੇ ਦਰਸ਼ਨ ਦੇਣਗੇ। ਸ਼ਬਦ ਕੀਰਤਨ ਦੀ ਸਮਾਪਤੀ ਪਿੱਛੋਂ ਦਿੱਲੀ ਵਾਲੇ ਸੰਤ ਬਲਵੰਤ ਸਿੰਘ ਮੰਚ ਉੱਤੇ ਆਏ। ਉਨ੍ਹਾਂ ਇੱਕ ਛੋਟੀ ਜਿਹੀ ਪਰਭਾਵਨਾ ਭਰੀ ਤਕਰੀਰ ਕੀਤੀ। ਕਹਿਣ ਦਾ ਸਾਰ ਹੈ- ਸੁਚ ਹੋਵੈ ਤਾ ਸਚੁ ਪਾਈਐ। ਜਿੰਨੇ ਵੀ ਸਿੰਘ ਸੋਧ ਰੱਖਣ ਜਰੂਰ ਰੱਖਣ। ਸੋਧ ਸਰੀਰ ਲਈ ਬੜੀ ਗੁਣਕਾਰੀ ਹੈ। ਜਥੇਦਾਰ ਅਤੇ ਗ੍ਰੰਥੀ ਸੋਧ ਜਰੂਰ ਰੱਖਣ।

ਦਸਵੰਧ ਦੇਣਾ ਵੀ ਬਹੁਤ ਜਰੂਰੀ ਹੈ। ਗੁਰੂ ਘਰ ਨੂੰ ਆਪਣੀ ਆਮਦਨੀ ਵਿੱਚੋਂ 10ਵਾਂ ਭਾਗ ਦੇਣਾ ਕਮਾਈ ਦੀ ਪਵਿੱਤਰਤਾ ਹੈ। ਜਿਮੀਂਦਾਰਾਂ ਨੂੰ 6 ਮਹੀਨੀਂ ਰਕਮ ਹੱਥ ਲੱਗਦੀ ਹੈ ਉਹ ਹਰ ਛਿਮਾਹੀ ਦੀ ਆਮਦਨ ਚੋਂ ਦਸਵੰਧ ਕੱਢਕੇ ਗੁਰੂ ਘਰ ਜਰੂਰ ਭੇਜਣ। ਕਾਰੋਬਾਰੀ ਤੇ ਦੁਕਾਨਦਾਰੀ ਤਾਂ ਰੋਜ ਦੀ ਰੋਜ ਗੁਰੂ ਘਰ ਭੇਜਣ ਲਈ ਭਾਗ ਕਰਕੇ ਰੱਖੀ ਜਾਣ। ਹਰ ਮਹੀਨੇ ਉਹ ਗੁਰੂ ਚਰਨਾਂ ਵਿੱਚ ਹੀ ਭੇਟ ਕਰਨ। ਦਾਨ ਦੇਣਾ ਆਪਣਾ ਹੀ ਭਲਾ ਕਰਨਾ ਹੁੰਦਾ ਹੈ। ਸਗੋਂ ਇੱਕ ਬੱਚਾ ਰੋਜ ਹੀ ਸੌਣ ਤੋਂ ਪਹਿਲਾਂ ਹੀ ਦਸਵੰਧ ਦੀ ਰਕਮ ਵੱਖ ਕਰਕੇ ਰੱਖਦਾ ਹੈ। ਤੀਸਰੀ ਮੇਰੀ ਇਹ ਅਰਜ ਹੈ ਕਿ ਹਰੇਕ ਨਾਮਧਾਰੀ ਨੂੰ ਗੜਵਾ , ਆਸਣ, ਪਊਏ , ਨਾਮਧਾਰੀ ਨਿਤਨੇਮ ਅਤੇ ਮਾਲਾ ਜਰੂਰ ਰੱਖਣੀ ਚਾਹੀਦੀ ਹੈ। ਜਿੱਥੋਂ ਵੀ ਲੰਘ ਜਾਓ ਲੋਕੀਂ ਵੇਖਦੇ ਰਹਿ ਜਾਣ। ਅੰਤ ਉੱਤੇ ਉਨ੍ਹਾਂ ਸਤਿਜੁਗ, ਵਰਿਆਮ, ਨਿਰੀਖਿਅਕ, ਯੁਗ ਮਰਿਆਦਾ ਦੇ ਗਾਹਕ ਵਧਾਉਣ ਦੀ ਅਪੀਲ ਕੀਤੀ।

4.45 ਹੋ ਗਏ ਤਾਂ ਸਤਿਗੁਰੂ ਜੀ ਨੇ ਸੰਗਤ ਨੂੰ ਸੰਬੋਧਨ ਕੀਤਾ। ਆਪ ਜੀ ਦਾ ਕਥਨ ਹਾਕੀ ਵਾਲੇ ਨੌਜੁਆਨਾਂ ਦੀ ਮਾਸਿਕ ਸਹਾਇਤਾ ਕਰਨ ਦੀ ਪ੍ਰੇਰਨਾ ਨਾਲ ਸ਼ੁਰੂ ਹੋਇਆ। ਉਹ ਅਜਿਹੇ ਜਥੇਦਾਰਾਂ ਅਤੇ ਸਹਾਇਕਾਂ ਦੀ ਫਹਿਰਿਸਤ ਲੋੜੀਂਦੇ ਸਨ ਜੋ ਹਰ ਮਹੀਨੇ ਹਾਕੀ ਵਿੱਚ ਨਾਮਣਾ ਖੱਟਣ ਵਾਲਿਆਂ ਲਈ ਰਕਮਾਂ ਕੱਢ ਸਕਣ। ਸਤਿਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਚਨ ਯਾਦ ਕਰਵਾਉਂਦਿਆਂ ਆਖਿਆ ਕਿਸੇ ਨਾਲ ਈਰਖਾ ਨਾ ਕਰੋ। ਈਰਖਾ ਨੂੰ ਅੰਦਰੋਂ ਵਸਾਹ ਕੇ ਮਾਰੋ। ਡਿੱਗੇ ਪਿਆਂ ਨੂੰ ਜਾਂ ਡਿੱਗ ਦਿਆਂ ਨੂੰ ਵੇਖ ਕੇ ਹੱਸੋ ਨਾ , ਸਗੋਂ ਬਾਂਹ ਫੜ ਕੇ ਉਨ੍ਹਾਂ ਨੂੰ ਗਿਰਨੋਂ ਰੋਕੋ ਜੋ ਡਿੱਗ ਪਏ ਹਨ ਉਨ੍ਹਾਂ ਨੂੰ ਉਠਾਓ।

ਹਉਮੈ ਬੜੀ ਜਾਲਮ ਅਤੇ ਬਲਵਾਨ ਚੀਜ ਹੈ। ਇਸ ਤੋਂ ਹਰ ਪ੍ਰਕਾਰ ਬਚੋ। ਹਉਮੈ ਦੀ ਮੈਲ ਬਾਬਤ ਸਤਿਗੁਰੂ ਜੀ ਕਹਿੰਦੇ ਹਨ- ਨਿਮਖ ਨਿਮਖ ਕਰ ਸਰੀਰ ਕਟਾਵੈ। ਤਉ ਭੀ ਹਉਮੈ ਮੈਲ ਨ ਜਾਵੈ। ਸਿੱਖ ਦਸਮ ਪਾਤਸ਼ਾਹ ਜੀ ਤੇ ਦਾਅਵੇ ਤਾਂ ਬੜੇ ਕਰਦੇ ਹਨ ਪਰ ਉਨ੍ਹਾਂ ਦੀ ਬਾਣੀ ਨੂੰ ਗੁਰਬਾਣੀ ਨਹੀਂ ਮੰਨਦੇ। ਜਿਹੜੇ ਮੰਨਦੇ ਹਨ ਉਹ ਕੁਝ ਭਾਗ ਨੂੰ ਹੀ ਮੰਨਦੇ ਹਨ।

ਦੂਜੀ ਰਚਨਾ ਉਹ ਕਵੀਆਂ ਦੀ ਮੰਨਦੇ ਹਨ। ਸਾਡਾ ਇਤਕਾਦ ਦੋਹਾਂ ਗ੍ਰੰਥਾਂ ਤੇ ਬਰਾਬਰ ਹੈ।ਘਰ ਪ੍ਰਤੀ ਹਰ ਕੋਈ ਪਾਠ ਕਰੇ, ਹਰ ਇੱਕ ਮਹੀਨੇ ਇੱਕ ਪਾਠ ਜਰੂਰ ਹੋਵੇ।ਦਸਮ ਦੇ ਪਾਠ ਜੋ ਵੀ ਕਰ ਸਕਦੇ ਹਨ ਓਹ ਵੀ ਕਰਨ।ਅਸੀਂ ਉਲਟ ਰਾਹ ਓਦੋਂ ਫੜ ਦੇ ਹਾਂ ਜਦੋਂ ਸਤਿਗੁਰਾਂ ਤੇ ਹੀ ਕਿੰਤੂ ਕਰਨ ਲੱਗ ਪੈਂਦੇ ਹਾਂ। ਘਰ ਵਿੱਚ ਗੁਰੂ ਦੀ ਅਤੇ ਸੰਗਤ ਦੀ ਨਿੰਦਿਆ ਜਾਰੀ ਹੋ ਗਈ ਤਾਂ ਸਮਝੋ ਕਿ ਪਤਨ ਦਾ ਮੁੱਢ ਬੱਝ ਗਿਆ।" ਗੁਰ ਕਹਿਆ ਸਾ ਕਾਰ ਕਮਾਵਹੁ,ਗੁਰ ਕੀ ਕਰਨੀ ਕਾਹੇ ਧਾਵਹੁ, ਦਾ ਤੱਤ ਸਮਝਣ ਲਈ ਭਾਈ ਬਾਲੇ ਦੀ ਸਾਖੀ ਦਾ ਉਹ ਕਥਾਨਕ ਯਾਦ ਰੱਖੋ ਜਿਸ ਵਿੱਚ ਸ੍ਰੀ ਸਤਿਗੁਰੂ ਜੀ ਤਾਂ ਓਅੰ ਸੋਹੰ ਦਾ ਜਾਪ ਕਰਦਿਆਂ ਤਰਦੇ ਜਾਣ ਅਤੇ ਮਰਦਾਨਾ ਚੁਹ ਅੱਖਰਾ ਭਜਨ ਛੱਡਕੇ ਓਅੰ ਸੋਹੰ ਜਪਣ ਨਾਲ ਗੋਤੇ ਖਾਣ ਲੱਗਾ।ਸਾਨੂੰ ਜੋ ਸਤਿਗੁਰੁ ਜੀ ਦੱਸਦੇ ਹਨ ਸਾਨੂੰ ਉਹ ਹੀ ਕਰਨਾ ਚਾਹੀਦਾ ਹੈ।ਅਸੀਂ ਨਾਮਧਾਰੀ ਕਿੰਨਾ ਕੁ ਨਾਮ ਜਪਦੇ ਹਾਂ ; ਜਿੰਨਾਂ ਦਾ ਨਾਮ ਹੀ ਨਾਮਧਾਰੀ ਹੈ ਆਓ ਆਪਣੇ ਅੰਦਰ ਝਾਤੀ ਮਾਰੀਏ।ਸਤਿਗੁਰੂ ਜੀ ਕਿਰਪਾ ਕਰਨ ਤੇ ਅਸੀਂ ਈਰਖਾ, ਬਖੀਲੀ, ਨਫਰਤ ਛੱਡੀਏ ਤੇ ਨਾਮ ਦੇ ਰੰਗ ਵਿੱਚ ਰੰਗੇ ਜਾਈਏ।ਰਾਮ ਦਾ ਨਾਮ ਗ੍ਰਹਿਣ ਕਰਨ ਦਾ ਅਰਥ ਹੈ ਕਿ ਅਸੀਂ ਉਸਦੇ ਨਾਲ ਹਾਂ ਜਿਸਦੇ ਨਾਲ ਕੋਈ ਸਮਾਨ ਕੋਈ ਹੈ ਹੀ ਨਹੀ। "ਰਾਮ ਨਾਮ ਉਰ ਮੈ ਰਹਿਓ ਜਾ ਕੇ ਸਮ ਨਹੀ ਕੋਇ"।ਨਾਮ ਕੌਣ ਦਿੰਦਾ ਹੈ-ਹਰਿ ਨਾਮ ਦੀਆ ਗੁਰ ਪਰਉਪਕਾਰੀ ਧੰਨ ਧੰਨ ਗੁਰੁ ਕਾ ਪਿਤਾ ਮਾਤਾ"।ਸਤਿਗੁਰੂ ਮਾਤਾ ਪਿਤਾ ਵਾਲਾ ਹੀ ਹੋ ਸਕਦਾ ਹੈ ਇਹ ਤੁਕ ਸ਼ਪੱਸ਼ਟ ਕਰਦੀ ਹੈ।ਰਾਮਾਨੰਦ ਜੀ ਪੂਰੇ ਗੁਰੂ ਸਨ ਗੁਰਬਾਣੀ ਅਨੁਸਾਰ ਜੇ ਅਸੀਂ ਨਾ ਮੰਨਾਂਗੇ ਤਾਂ ਅਸੀਂ ਹੀ ਝੂਠੇ ਹੋਵਾਂਗੇ। ਸਤਿਗੁਰੂ ਜੀ ਨੇ ਦਸਮ ਗ੍ਰੰਥ ਵਿੱਚ ਦਰਜ ਪਾਰਸਨਾਥ ਦੀ ਕਥਾ ਦਾ ਸੰਖੇਪ ਦੱਸਦਿਆਂ ਬਚਨ ਕੀਤਾ; ਜੋ ਮਨ ਜੀਤਤ ਹੈ ਸਭ ਦੇਸ ਵਹੀ ਤੁਮਰੇ ਲਿਖ ਹਾਥ ਨਾ ਆਇਓ। ਮਨ ਤੇ ਕਾਬੂ ਪਾਓ ਅਤੇ ਦੂਜਿਆਂ ਵੱਲ ਚੰਗੇਰੀ ਪਹੁੰਚ ਅਪਣਾਓ।ਕਰ ਪੁੰਨਹੁ ਨੀਚ ਸਦਾਈਐ,ਤਾ ਦਰਗਹ ਬੈਸਣ ਪਾਈਐ"।ਸ੍ਰੀ ਸਤਿਗੁਰੂ ਜੀ ਦੇ ਕਥਨ ਉਪਰੰਤ ਅਰਦਾਸ ਹੋ ਕੇ ਦੀਵਾਨ ਦੀ ਸਮਾਪਤੀ ਹੋ ਗਈ।ਪਰ ਮੰਚ ਸਕੱਤਰ ਨੇ ਅੱਜ ਰਾਤੀ ਤਿੰਨ ਥਾਈਂ ਸਾਰੀ ਰਾਤ ਵਿੱਚ 24 ਜਥੇਦਾਰਾਂ ਦੇ ਹੱਲੇ ਦੇ ਦੀਵਾਨਾਂ ਦਾ ਪ੍ਰੋਗਰਾਮ ਦੱਸਿਆ-ਸਿਮ੍ਰਤੀ ਮੰਦਰ ਵਿੱਚ ਰਾਤੀ 7 ਤੋ 8 ਜਥੇਦਾਰ ਸੁਰਜੀਤ ਸਿੰਘ, 8 ਤੋਂ 9 ਸੂਬਾ ਮੇਲਾ ਸਿੰਘ, 9 ਤੋਂ 10 ਜਥੇਦਾਰ ਅਜੀਤ ਸਿੰਘ ਬਟਾਲਾ, 10 ਤੋ 11 ਜਥੇਦਾਰ ਅਮਰ ਸਿੰਘ ਨਕੋੜਾ, 11 ਤੋਂ 12 ਗਿਆਨ ਸਿੰਘ ਵੀਰੋਕੇ, 12 ਤੋਂ 1 ਸੇਵਾ ਸਿੰਘ ਦਿੱਲੀ, 1 ਤੋਂ 2 ਬਲਵੰਤ ਸਿੰਘ ਕਪੂਰਾ, 2 ਤੋਂ 3 ਗੁਰਬਚਨ ਸਿੰਘ ਚਲਾਂਗ। ਇਹਨਾ ਲਈ ਮੰਚ ਸਕੱਤਰ ਸੂਬਾ ਮੇਲਾ ਸਿੰਘ ਜੀ।

ਹਰੀਮੰਦਰ ਵਿੱਚ ਇੱਕ ਇੱਕ ਘੰਟਾ ਸਮਾਂ ਹਰੇਕ ਨੂੰ-ਜਥੇਦਾਰ ਪ੍ਰੀਤਮ ਸਿੰਘ ਦਿੱਲੀ, ਜੋਗਿੰਦਰ ਸਿੰਘ ਮੁਕਤਾ, ਗਿਆਨ ਸਿੰਘ ਘਨਘੂਰ, ਸਾਧਾ ਸਿੰਘ ਮੰਡੀ, ਨਿਰੰਜਨ ਸਿੰਘ ਕੱਕੜ, ਸੇਵਾ ਸਿੰਘ ਜਗਾਧਰੀ, ਬਲਵੰਤ ਸਿੰਘ ਧਿੰਗੜ, ਗੁਰਦਿੱਤ ਸਿੰਘ ਸਮਰਾ। ਇਹਨਾਂ ਦੇ ਮੰਚ ਸਕੱਤਰ ਜਥੇਦਾਰ ਸਵਰਨ ਸਿੰਘ ਝੱਲਾਂ ਵਾਲੇ ਨਿਸ਼ਚਿਤ ਕੀਤੇ ਗਏ। 3. ਸਤਿਗੁਰੂ ਰਾਮ ਸਿੰਘ ਜੀ ਮੰਦਰ ਭੈਣੀ ਸਾਹਿਬ, 1.ਜਥੇਦਾਰ ਪ੍ਰੀਤਮ ਸਿੰਘ ਪੱਧਰੀ 7-8, 2 ਜਥੇਦਾਰ ਹਜਾਰਾ ਸਿੰਘ ਜਲੰਧਰ, 3. ਸੁਚੇਤ ਸਿੰਘ ਹੁਸ਼ਿਆਰਪੁਰ, 4.ਸੁਰਿੰਦਰ ਸਿੰਘ ਗਵਾਲੀਅਰ, 5.ਨਿਰੰਜਨ ਸਿੰਘ ਕੰਗਣਪੁਰ, 6.ਇੰਦਰ ਸਿੰਘ ਗਿੱਲ, 7. ਬਲਵੰਤ ਸਿੰਘ ਦਿੱਲੀ, 8.ਬਲਕਾਰ ਸਿੰਘ ਭੈਣੀ ਸਾਹਿਬ। ਇਹਨਾਂ ਦਾ ਮੰਚਨ ਜਥੇਦਾਰ ਨਿਰਮਲ ਸਿੰਘ ਅੰਮ੍ਰਿਤਸਰੀ ਕਰਨਗੇ।ਅੱਜ ਦੇ ਦੀਵਾਨ ਵਿੱਚ ਸ੍ਰੀ ਸਤਿਗੁਰੂ ਜੀ ਵਲੋਂ ਵਿਸ਼ੇਸ਼ ਬੰਦਾ ਭੇਜਕੇ ਬੁਲਾਏ ਗਏ ਬਜੁਰਗ ਡਾ. ਪ੍ਰਤਾਪ ਸਿੰਘ (87) ਸ. ਜਾਗੀਰ ਸਿੰਘ ਭੱਦਲ ਬੂਹੇ ਵਾਲਿਆਂ ਦਾ ਦਾਮਾਦ ਸ. ਏਕਮ ਸਿੰਘ ਅਤੇ ਇੱਕ ਦੁਹਤਾ ਗੁਰਨਿਹਾਲ ਸਿੰਘ ਵੀ ਦੀਵਾਨ ਦੀ ਸਮਾਪਤੀ ਤੱਕ ਆ ਗਿਆ ਜਿਸ ਨਾਲ ਸਤਿਗੁਰੂ ਜੀ ਨੇ ਵਿਸ਼ੇਸ਼ ਸਮਾਂ ਦੇ ਕੇ ਉਸਦੇ ਵੱਡੇ ਭਰਾ ਦੀ ਕਥਿਤ ਤੋਰ ਤੇ ਅੱਤਵਾਦ ਦੇ ਵਿਰੋਧ ਵਿੱਚ ਸਰਕਾਰੀ ਸਿਕੰਜੇ ਵਿੱਚ ਫਸਾਏ ਜਾਣ ਦੀ ਦਾਸਤਾਨ ਵਿਚਾਰ ਗੋਚਰੇ ਹੋਈ।

ਸ੍ਰੀ ਮਾਤਾ ਜੀ ਦੇ ਦਰਸ਼ਨ ਦੀਵਾਨ ਤੋਂ ਇਲਾਵਾ ਘਟ ਵਧ ਹੀ ਹੁੰਦੇ ਰਹੇ। ਦੀਵਾਨ ਵਿੱਚ ਵੀ ਨਿਤਨੇਮ ਵਿੱਚ ਕਦੀਂ ਕਦਾਏ ਹੀ ਪਹੁੰਚਦੇ ਨਹੀਂ ਆਪ ਜੀ ਲੰਗਰ ਵਿੱਚ ਹੀ ਧਿਆਨ ਦਿੰਦੇ।ਵਾਧੂ ਲੋਹਾਂ ਤੇ ਲੱਗੀਆਂ ਮਾਈਆਂ ਵਿੱਚ ਆਪ ਜੀ ਵਿਚਰਦੇ ਲੰਗਰ ਪ੍ਰਬੰਧ ਦੀ ਜਿੰਮੇਵਾਰੀ ਆਪ ਜੀ ਦੇ ਹਿੱਸੇ ਸੀ।ਆਪ ਜੀ ਬੱਚਿਆਂ ਵਾਲੀਆ ਮਾਵਾਂ ਤੇ ਬਿਰਧਾ ਨੂੰ ਦੁੱਧ ਵੀ ਦਿੰਦੇ।ਵੱਡੇ ਲੰਗਰ ਵਿੱਚ ਹਰਨਾਮ ਸਿੰਘ ਅਤੇ ਦਰਸ਼ਨ ਸਿੰਘ ਭਰਾਵਾਂ ਦੀ ਜੋੜੀ । ਸੰਤ ਸੰਤੋਖ ਸਿੰਘ, ਸੰਤ ਕਰਤਾਰ ਸਿੰਘ ਸੰਤ ਭਗਤ ਸਿੰਘ ਅਤੇ ਨਿਰਮਲ ਸਿੰਘ ਆਦਿ ਅਣਥੱਕ ਰੂਪ ਵਿੱਚ ਸੇਵਾ ਕਰਦੇ। ਲੱਕੜ ਲਿਆਉਣ , ਲੋਹਾਂ ਚੁੱਲਿਆਂ ਵਿੱਚ ਡਾਹੁਣ ਵਾਲੇ ਸਿੰਘ ਵੀ ਬਹੁਤ ਸਨ ਮੈਨੂੰ ਉਹਨਾਂ ਦੇ ਨਾਮ ਤਾਂ ਨਹੀਂ ਪਤਾ। ਤੰਬੂ ਤਬੋਲੀਆਂ ਦੀ ਸਮੁੱਚੀ ਜਿੰਮੇਵਾਰੀ ਭਾਵੇਂ ਸ. ਸੇਵਾ ਸਿੰਘ ਨਾਮਧਾਰੀ ਏਜੰਸੀ ਦੀ ਸੀ, ਫਿਰ ਵੀ ਸੇਵਕ ਲੁਆਈ ਠੁਕਾਈ ਦੀ ਸੇਵਾ ਤਾਂ ਕਰਦੇ ਹੀ ਸਨ।

## 19 ਮਾਰਚ, 1987 ਵੀਰਵਾਰ,
## ਹੋਲੇ ਦਾ ਅੰਤਮ ਦਿਨ

ਇਸ਼ਨਾਨ ਪਾਣੀ ਕਰ ਜਿਉਂ ਹੀ ਦੀਵਾਨ ਵਿੱਚ ਜਾਣ ਲਈ ਫਲੈਟਾਂ ਤੋਂ ਬਾਹਰ ਆਇਆ, ਠੰਡੀ ਹਵਾ ਦੇ ਬੁਲਿਆਂ ਨੇ ਸੁਆਗਤ ਕੀਤਾ। ਠੰਡੀ ਮੱਠੀ ਹਵਾ ਵਗ ਰਹੀ ਸੀ। ਆਸਮਾਨ ਤੇ ਬੱਦਲਾਂ ਦੇ ਝੁਰਮਟ ਸਨ। ਮਨ ਚਿੱਤ ਨੂੰ ਲੁਭਾਂਦਾ ਮੋਸਮ ਸੀ।

ਦੂਧੀਆ ਪੱਤੀਆਂ ਦੇ ਚਾਨਣ ਵਿੱਚ ਸਿਮ੍ਰਤੀ ਮੰਦਰ ਵਿੱਚ ਪ੍ਰਵੇਸ਼ ਕੀਤਾ। ਸਿਮ੍ਰਤੀ ਮੰਦਰ ਜਿਸ ਦੇ ਪੂਰਬ ਵੱਲ ਦਿੱਲੀ ਵਾਲਿਆਂ ਦਾ ਪੁਸਤਕਾਂ ਅਤੇ ਨਾਮਧਾਰੀ ਸੱਭਿਆਚਾਰ ਦੀਆਂ ਵਸਤਾਂ ਦਾ ਸਟਾਲ ਅਤੇ ਅੰਦਰ ਲਾਗੇ ਜੋੜੇ ਸੰਭਾਲਣ ਦਾ ਵੀ ਪ੍ਰਬੰਧ ਸੀ। ਬਾਹਰੋ ਦਰਸ਼ਨ ਤੇ ਕੀਰਤਨ ਪ੍ਰੇਮੀਆਂ ਦੀ ਆਵਾਜਾਈ ਨਾਲ ਜਚਵਾ ਬਣਦਾ ਸੀ, ਪਰ ਸਾਧਾਰਨ ਆਵਾਜ ਬਾਹਰ ਨਹੀ ਸੀ ਨਿਕਲ ਰਹੀ। ਸ਼੍ਰੀ ਸਤਿਗੁਰੂ ਜੀ ਆਪਣੇ ਹਜੂਰੀਆਂ, ਸਮਾਜ ਮੁਖੀ ਵਿਅਕਤੀਆਂ ਅਤੇ ਸੇਵਕਾਂ ਸਮੇਤ ਉੱਚੇ ਮੰਚ ਤੇ ਵਿਰਾਜ ਰਹੇ ਸਨ। ਉੱਪਰ ਸੀ ਸੁੰਦਰ ਚੰਦੋਆਂ। ਸੰਤ ਹਰਭਜਨ ਸਿੰਘ ਔਰੰਗਾਬਾਦ ਨੂੰ ਚੌਰ ਬਰਦਾਰੀ ਦੀ ਸੇਵਾ ਮੋਜੂਦ ਸੀ। ਇਸੇ ਮੰਚ ਉੱਤੇ ਸਤਿਗੁਰੂ ਜੀ ਦੇ ਸਨਮੁੱਖ ਆਸਾ ਦੀ ਵਾਰ ਦਾ ਵਾਰਾ ਢੰਗ ਨਾਲ ਕੀਰਤਨ ਰੂਹ ਨੂੰ ਤਾਜਗੀ ਪ੍ਰਧਾਨ ਕਰ ਰਿਹਾ ਸੀ। ਮਿਲਵੇਂ ਜਥੇ ਕੀਰਤਨ ਵਿੱਚ ਭਾਗ ਲੈ ਰਹੇ ਸਨ। ਸੰਤ ਸਾਧਾ ਸਿੰਘ ਮੰਡੀ, ਮਾ. ਦਰਸ਼ਨ ਸਿੰਘ ਸੰਤਨਗਰ ਸੰਤ ਪ੍ਰੀਤਮ ਸਿੰਘ ਦਿੱਲੀ, ਢੋਲਕੀ ਗਿਆਨ ਸਿੰਘ , ਗੁਰਮੁਖ ਸਿੰਘ ਖਾਰਾ, ਬਲਵੰਤ ਸਿੰਘ ਸੰਤ ਨਗਰ, ਬਲਵਿੰਦਰ ਸਿੰਘ ਫਤਿਹਾਬਾਦ ਚਮਤਕਾਰ ਪੈਦਾ ਕਰ ਰਹੇ ਸਨ। ਉਚੀਆ ਸੁਰਾਂ ਵਿੱਚ ਸ਼ਬਦ ਆਰੰਭ ਬਹੁਤ ਵਾਰ ਸਤਿਗੁਰੂ ਜੀ ਨੇ ਕਰਨਾ। ਰੂਹ ਆਉਣ ਤੇ ਦਿਲਰੁਬਾ ਤੇ ਗਜ ਫਿਰ ਜਾਣਾ ਜਾਂ ਤਰਬਾਂ ਤੇ ਪੋਟਿਆਂ ਦੀ ਕਿਰਤਕਾਰੀ। ਮੰਚ ਤੇ ਖਲੋਤਿਆਂ ਸਾਧ ਸੰਗਤ ਨਾਲ ਨੱਕੋ-ਨੱਕ ਹੋਇਆ ਹਾਲ ਦੈਵੀ ਦ੍ਰਿਸ਼ ਉਪਸਿਥਤ ਕਰਦਾ ਸੀ। ਸੱਜੇ ਇੱਕ ਭਾਗ ਬੀਬੀਆਂ ਦਾ ਖੱਬੇ ਦੋ ਹਿੱਸੇ ਪੁਰਸ਼ ਸੰਗਤ। ਮੰਚ ਦੇ ਸੋਹੇਂ ਜਰਾ ਫਾਸਲੇ ਤੇ ਹਵਨ ਹੋ ਚੁੱਕਾ, ਅੰਮ੍ਰਿਤ ਸਜਾਇਆ ਗਿਆ ਅਤੇ ਚੁਪ ਚਾਪ ਆਨੰਦਿਤ ਕਰਨ ਵਾਲੇ ਜੋੜੇ ਬੈਠਾਲ ਦਿੱਤੇ ਗਏ। ਭਜਨ ਕੰਨਾਂ ਵਿੱਚ , ਰਸਨਾਂ, ਨੇਤਰਾਂ ਤੇ ਕੇਸਾਂ ਨੂੰ ਅੰਮ੍ਰਿਤ ਨਾਲ ਪਾਵਨ ਕਰਕੇ ਗੰਢ ਚਤਰਾਵੇ ਕੀਤੇ ਜਾ ਰਹੇ ਸਨ। ਸੰਤ ਦਿਆਲ ਸਿੰਘ ਫਗਵਾੜਾ ਆਪਣੇ ਸਾਥੀਆਂ ਨਾਲ ਇਹ ਜਿੰਮੇਵਾਰੀ ਸੰਭਾਲ ਰਹੇ ਸਨ।

7.30 ਵੱਜਣ ਦੇ ਨਾਲ ਵਾਰਾ ਕੀਰਤਨ ਦਾ ਭੋਗ ਪਿਆ ਸੀ। ਹੁਣ ਰਾਗੀ ਸਿੰਘਾਂ ਨੇ ਬਸੰਤ ਦਾ ਸ਼ਬਦ ਛੁਹ ਦਿੱਤਾ ਹੈ। ਸ਼ਬਦ ਉਪ੍ਰੰਤ ਬਸੰਤ ਦੀ ਵਾਰ ਗਾਈ ਗਈ ਹੈ। ਆਸਾ ਦੀ ਵਾਰ ਤੇ ਬਸੰਤ ਦੀ ਵਾਰ ਦਾ ਪਾਠ ਕਰਦਾ ਹੈ ਇੱਕ ਬੱਚਾ ਜਿਸਦਾ ਨਾਮ ਰਣਧੀਰ ਸਿੰਘ ਸਪੁੱਤਰ ਰਣਬੀਰ ਸਿੰਘ ਹੈ। ਹਰ ਪਲ ਸ਼੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਭੇਟਾ ਧਰਨ ਵਾਲੇ ਆ ਰਹੇ ਹਨ ਪਰ ਮੰਦਰ ਦੀ ਸਮਰੱਥਾ ਇੰਨੀ ਨਹੀ ਸੀ ਕਿ ਉਹ ਹਰ ਆਏ ਨੂੰ ਆਪਣੇ ਵਿੱਚ ਸਮਾ ਸਕੇ। ਦਰਸ਼ਨ ਕਰਕੇ ਬਾਹਰ ਚਲੇ ਜਾਣ ਦੀ ਮਜਬੂਰੀ ਵੀ ਅਨੇਕਾਂ ਨੂੰ ਹੈ। ਅੱਜ ਦੀ ਸੰਪੂਰਨ ਹਾਜਰੀ ਮੈਨੂੰ 8000 ਲੱਗਦੀ ਹੈ। ਇੱਕ ਗੱਲ ਚੇਤੇ ਰੱਖੀ ਜਾਵੇ ਕਿ ਮੈਂ ਕਦੇ ਹਾਜਰੀ ਵਧਾ ਚੜਾ ਕੇ ਨਹੀਂ ਦੱਸਦਾ। ਅਨੰਦ ਕਾਰਜ ਤੋਂ ਪਹਿਲਾਂ ਕੁਝ ਹੋਰ ਗੱਲਾਂ ਕਰ ਲਈਏ। ਨਾਮਧਾਰੀਆਂ ਦੀਆਂ ਲਖਾਇਕ ਕਾਰਾਂ ਵੱਡੀ ਗਿਣਤੀ ਵਿੱਚ ਸ਼੍ਰੀ ਭੈਣੀ ਸਾਹਿਬ ਬਿਰਧਸ਼ਾਲਾ ਤੋਂ ਲੈ ਕੇ ਸਿਮ੍ਰਤੀ ਮੰਦਰ ਤੱਕ ਏਧਰ ਉੱਧਰ ਖਲੋਤੀਆਂ ਸਨ। ਟਰੱਕ, ਟਰੈਕਟਰ ਅਤੇ ਟਰਾਲੀਆਂ ਅਤੇ ਚਾਰਟਡ ਬੱਸਾਂ ਵੀ ਖਲੋਤੀਆਂ ਸਨ। ਸਕੂਟਰ ਵਾਹਨ ਤਾਂ ਹਨ ਹੀ। ਸਿਮ੍ਰਤੀ ਮੰਦਰ ਦੇ ਪੱਛਮ ਵੱਲ ਇੱਕ ਤੰਬੋਟੀ ਨਗਰ ਆਬਾਦ ਹੈ ਜਿਸ ਵਿੱਚ ਵੱਖ ਵੱਖ ਜਿਲਿਆਂ ਦੇ ਵਿਅਕਤੀ ਤੇ ਪਰਵਾਰ ਹੋਲੇ ਦੇ ਦਿਨਾਂ ਵਿੱਚ ਟਿਕੇ ਹੋਏ ਹਨ। ਸਿਮ੍ਰਤੀ ਮੰਦਰ ਵਿੱਚ 6.30 ਹੋਏ ਹਨ ਕਿ ਹਰਬੰਸ ਸਿੰਘ ਮਨਚੰਦਾ, ਸੰਤ ਗਿਆਨ ਸਿੰਘ ਹੰਸਪਾਲ ਆਪਣੇ ਬੱਚਿਆਂ ਅਤੇ ਪਰਵਾਰ ਨਾਲ ਭੇਟਾ ਲੈ ਕੇ ਆਏ। ਮਾਲਾਂ, ਗੁਟਕੇ ਬਸਤਰ , ਮਾਲਾ ਅਤੇ ਫਲ ਟੋਕਰੀਆਂ। ਨਮਸਕਾਰਾਂ ਕਰਕੇ ਮੇਲੇ ਵਿੱਚ ਰਹਿ ਗਈ ਭੁਲ ਚੁਕ ਦੀ ਖਿਮਾਂ ਮੰਗੀ। ਉੱਧਰ ਸਾਹਵੇਂ ਵਿਸ਼ਾਲ ਵੇਦੀ ਵਿਚਾਲੇ 11 ਜੋੜਿਆਂ ਦਾ ਪਹਿਲਾਂ ਗੁਟ ਸੁਰੀਲੀਆਂ ਆਵਾਜਾਂ ਵਿੱਚ ਲਾਵਾਂ ਦੇ ਪਾਠ ਨਾਲ ਫੇਰੇ ਲੈਣ ਲੱਗਾ ਹੈ। ਫੋਟੋਗ੍ਰਾਫਰਾਂ ਨੂੰ ਫੋਟੋਆਂ ਲਈ ਕਈ ਪੈਂਤੜੇ ਮੱਲਣੇ ਪੈ ਰਹੇ ਸਨ ਅਤੇ ਏਹੋ ਕ੍ਰਮ ਦੋ ਵਾਰੀ ਜਾਰੀ ਹੋਇਆ। ਇਸ ਅਵਸਰ ਨੂੰ ਹੋਰ ਵੀ ਸੁਭਾਗਾ ਬਣਾਉਣ ਲਈਮਾਤਾ ਜੀ, ਬੇਬੇ ਜੀ ਅਤੇ ਬੀਬਾ ਜੀ ਵੀ ਦੀਵਾਨ ਵਿੱਚ ਮਾਈਆਂ ਵਿੱਚ ਉਪਸਥਿਤ ਸਨ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਰਾਤ ਨੂੰ ਢੋਲਕੀ ਛੈਣਿਆਂ ਨਾਲ ਹੱਲੇ ਦੇ ਦੀਵਾਨ ਦੀ ਕਿਆ ਛਬ ਬਣਦੀ ਸੀ। ਇਸ ਤਰ੍ਹਾਂ ਚਾਲੀ ਦਿਨ ਬਤੀਤ ਹੋ ਗਏ। ਜਿਸ ਦਿਨ ਭੋਗ ਪਾਉਣਾ ਸੀ ਓਦਨ ਹਰਨਾਮ ਸਿੰਘ ਨਥਾਣੀਏ ਨੂੰ ਸੱਦ ਕੇ ਹੁਕਮ ਦਿਤਾ ਕਿ ਖੀਰ, ਕੜਾਹ ਪ੍ਰਸ਼ਾਦ ਅਤੇ ਸੁਖ ਨਿਧਾਨ, ਸ਼ਰਦਾਈਆਂ ਦੀਆਂ ਦੇਗਾਂ ਤਿਆਰ ਹੋ ਜਾਣ ਕੁੱਲ ਬੁੱਢੇ ਬਾਲੇ ਤੇ ਹੋਰ ਸੰਗਤ ਸ੍ਰੀ ਭੈਣੀ ਸਾਹਿਬ ਡੇਰਿਓਂ ਵੀ ਸੱਦੀ ਗਈ। ਪਹਿਲਾਂ ਸ਼ਹੀਦੀ ਦੇਗ ਵਰਤੀ ਅਤੇ ਫਿਰ ਦੂਸਰਾ ਪ੍ਰਸ਼ਾਦ ਵਰਤਾਇਆ ਗਿਆ। ਪਹਿਲਾਂ ਸਤਿਗੁਰੂ ਜੀ ਨੇ ਆਪ ਜਿਹੜੇ ਵੱਡੇ ਦੇਗੀ ਸਨ, ਦਸਮੇਸ਼ ਪਾਤਸ਼ਾਹ ਦੇ ਹਜ਼ੂਰੀ ਸਿੱਖ ਬਚਿੱਤਰ ਸਿੰਘ ਦੇ ਮੁਕਾਬਲੇ ਦੇ ਮਸਤ ਹਾਥੀ ਦੇ ਮੱਥੇ 'ਤੇ ਬੱਝੇ ਲੋਹੇ ਦੇ ਸੱਤ ਤਵੇਂ ਵਿੰਨ੍ਹਣ ਵਾਲੇ, ਉਹਨਾਂ ਨੂੰ ਸੱਦ ਕੇ ਆਪ ਦੇਗ ਛਕਾਈ। ਉਹਨਾਂ ਦਾ ਗੰਧ੍ਰਬ ਹੋਣ ਦਾ ਭਰਮ ਨਵਿਰਤ ਕੀਤਾ। ਉਹ ਸਿੰਘ ਸਨ 1. ਚੇਤ ਸਿੰਘ ਆਸਲਾਂ ਵਾਲਾ, 2. ਆਲਾ ਸਿੰਘ ਦਾਲਮ ਗੁਰਦਾਸਪੁਰ ਵੱਲ ਦੇ ਸਨ, 3. ਬਾਬਾ ਸੰਤਾ ਸਿੰਘ ਘੁੱਕੇਵਾਲੀਆ, 4. ਬਾਬਾ ਵੀਰ ਸਿੰਘ ਭੋਮੇ ਵਡਾਲੀਆ, 5 . ਬਾਬਾ ਚੰਦਾ ਸਿੰਘ ਵਲਟੋਹੀਆ, 6. ਲਹਿਣਾ ਸਿੰਘ ਖਰਾਸੀਆ, 7. ਸਾਧੂ ਸਿੰਘ ਰਵਿਦਾਸੀਆ, 8. ਬਾਬਾ ਨੱਥਾ ਸਿੰਘ ਮਜ਼ਬੀ ਸਿੰਘ ਇਤਿਆਦਿਕ ਅਤੇ ਹੋਰ ਸੰਗਤ। ਦੇਗਾਂ ਛਕਣ ਉਪਰੰਤ ਸਿੰਘ ਮੈਦਾਨੇ ਗਏ। ਗੜਵੇ ਮਾਂਜੇ ਅਤੇ ਨਹਿਰ ਦੇ ਕੰਢੇ ਤੇ ਬਹਿ ਕੇ ਚੂਲੇ ਕੀਤੇ ਪੰਜ ਇਸ਼ਨਾਨੇ ਅਤੇ ਇਸ਼ਨਾਨ ਵੀ ਸੋਧੇ ਕਈਆਂ। ਪਰ ਰਹਿ ਗਏ ਸਾਰੇ ਨਹਿਰ ਦੇ ਕੰਢੇ 'ਤੇ ਹੀ। ਉਠ ਕੇ ਡੇਰੇ ਆਉਣ ਦੀ ਹਿੰਮਤ ਹੀ ਨਾ ਰਹੀ। ਪ੍ਰਸ਼ਾਦ ਛਕਣ ਵਾਸਤੇ ਹੁਣ ਕੋਈ ਵੀ ਨਾ ਜਦੋਂ ਅੱਪੜਿਆ ਤਾਂ ਸਤਿਗੁਰੂ ਜੀ ਨੇ ਸਿੰਘ ਭੇਜ ਕੇ ਸੁਖਈ ਸਿੰਘਾਂ ਨੂੰ ਉਠਾਇਆ। ਸਭ ਦੇ ਇਸ਼ਨਾਨ ਕਰਵਾਏ ਸਿੰਘਾਂ ਨੇ ਲਿਆ ਕੇ ਅਤੇ ਫਿਰ ਪ੍ਰਸ਼ਾਦ ਪਾਣੀ ਛਕਾਇਆ ਗਿਆ। ਚਾਰ ਚੁਫੇਰੇ ਧੰਨ ਸਤਿਗੁਰੂ ਪ੍ਰਤਾਪ ਸਿੰਘ, ਧੰਨ ਸਤਿਗੁਰੂ ਪ੍ਰਤਾਪ ਸਿੰਘ ਦੀ ਕੰਨਾਂ ਨੂੰ ਸੁਖ ਦੇਣ ਵਾਲੀ ਆਵਾਜ਼ ਗੂੰਜਣ ਲੱਗ ਪਈ। ਭੋਗ ਚਾਲ੍ਹੀਏ ਦਾ ਇਉਂ ਪਿਆ ਅਤੇ ਸੰਗਤਾਂ ਥਾਉਂ ਥਾਈਂ ਆਪੋ ਆਪਣਿਆਂ ਡੇਰਿਆਂ ਤੇ ਆ ਗਈਆਂ। ਦੁਸਹਿਰੇ ਤੋਂ ਸਤਿਗੁਰਾਂ ਨੇ ਫਿਰ ਦੌਰਾ ਤੋਰ ਦਿਤਾ।

**ਖੋਟਿਆਂ ਦਾ ਹੋਲਾ**

ਇੱਥੋਂ ਹੀ ਜੋ ਸਾਖੀ ਪਹਿਲਾਂ ਵੀ ਮੈਂ ਦੱਸ ਚੁੱਕਾ ਹਾਂ, ਮੇਰੇ ਪਿਤਾ ਜੀ ਸੰਤ ਜਿਊਣ ਸਿੰਘ ਝੱਬਰ, ਮੈਨੂੰ ਦਮਦਮੇ ਸਾਹਿਬ ਪੜ੍ਹਨੇ ਪਾਉਣਾ ਚਾਹੁੰਦੇ ਸਨ, ਸੋ ਉਹ ਮੈਨੂੰ ਆਪਣੇ ਨਾਲ ਲੈ ਕੇ ਮਾਲਵੇ ਦੇ ਦੌਰੇ 'ਤੇ ਨਿਕਲ ਗਏ। ਮਾਲਵੇ ਦੇ ਤਕਰੀਬਨ ਹਰ ਨਗਰ ਵਿਚ ਉਹਨਾਂ ਦੀ ਮਿਲਤ ਗਿਲਤ ਵਾਲੇ ਕੂਕੇ ਸਿੰਘ ਸਨ ਅਤੇ ਇਉਂ ਪੜਾਓ ਪੜਾਈ ਅਸੀਂ ਹਿੰਮਤਪੁਰੇ ਪੁੱਜ ਗਏ। ਸੰਤ ਕਰਮ ਸਿੰਘ ਜੀ ਨੇ ਓਦੋਂ ਅਜੇ ਆਪਣਾ ਜਥਾ ਨਹੀਂ ਸੀ ਬਣਾਇਆ। ਪਿੰਡ ਹੀ ਵਿਹਾਰ ਕਾਰ ਕਰਦੇ ਸਨ ਅਤੇ ਜੇ ਕਿਤੇ ਦੀਵਾਨ ਲਾਉਣ ਜਾਣਾ ਹੁੰਦਾ ਤਾਂ ਇਕ ਸਿੰਘ ਨਾਲ ਲੈ ਕੇ ਦੀਵਾਨ ਲਾ ਆਉਂਦੇ ਅਤੇ ਫਿਰ ਵਾਪਸ ਆਪਣੇ ਡੇਰੇ ਤੇ। ਸੰਤਾਂ ਸਾਨੂੰ ਕਈ ਦਿਨ ਹਿੰਮਤਪੁਰੇ ਤੋਂ ਨਾ ਆਉਣ ਦਿਤਾ। ਇਥੋਂ ਫਿਰ ਦਮਦਮੇ ਸਾਹਿਬ ਪੁੱਜੇ ਅਤੇ ਵਿਦਿਆ ਪੜ੍ਹਨ ਦੀ ਥਾਂ ਲੜਾਈ ਝਗੜਾ ਮੁਲ ਲੈ ਕੇ ਵਾਪਸ ਮੁੜੇ। ਮੈਂ ਮਨ ਵਿਚ ਬੜਾ ਖ਼ੁਸ਼ ਕਿ ਹੁਣ ਤਾਂ ਬਾਪੂ ਮੈਨੂੰ ਭੈਣੀ ਸਾਹਿਬ ਜਾਣੋਂ ਨਹੀਂ ਰੋਕ ਸਕੇਗਾ ਪੜ੍ਹਾਈ ਦੇ ਬਹਾਨੇ ਕਦੇ ਕਿਤੇ ਭੇਜ ਦਿੰਦਾ ਸੀ ਕਦੇ ਕਿਤੇ। ਪਰ ਮੈਂ ਰੱਸੇ ਤੁੜਾ ਕੇ ਫਿਰ ਸਤਿਗੁਰਾਂ ਦੀ ਸੇਵਾ ਵਿਚ ਜਾ ਹਾਜ਼ਰ ਹੁੰਦਾ ਸਾਂ। ਜਿੱਥੇ ਜਾ ਕੇ ਮੈਨੂੰ ਚੈਨ ਆਉਂਦਾ ਸੀ। ਮੇਰੇ ਪਿਤਾ ਨੇ ਕਿਹਾ ਦਮਦਮਾ ਸਾਹਿਬ ਤਾਂ ਗੁਰੂ ਕੀ ਕਾਂਸ਼ੀ ਹੈ। ਇੱਥੇ ਤਾਂ ਬੈਲ ਵੀ, ਸੁਣਿਆ ਹੈ,

ਸਤਿਗੁਰਾਂ ਦਾ ਬਚਨ ਹੈ, ਪੜ੍ਹ ਜਾਣਗੇ, ਪਰ ਗੁਰਮੁਖਾ, ਤੂੰ ਏਥੇ ਵੀ ਨਹੀਂ ਪੜ੍ਹ ਸਕਿਆ। 1970 ਬਿਕ੍ਰਮੀ ਦਾ ਹੋਲਾ ਮਾਲਵੇ ਦੇ ਮਸ਼ਹੂਰ ਨਗਰ ਖੋਟੇ ਵਿਖੇ ਹੋਇਆ ਸੀ। ਜਿਸ ਪਿੰਡ ਵਿਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਨੰਦ ਮਰਿਆਦਾ ਦਾ ਮੁੱਢ ਬੰਨ੍ਹਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦਰਸ਼ਨ ਕਰਕੇ ਮਨ ਬੜਾ ਅਨੰਦਿਤ ਹੋਇਆ। ਚਿਤ ਇਹੋ ਕਰੇ ਕਿ ਇਹ ਸਦਾ ਆਪਣੇ ਅੰਗ ਸੰਗ ਹੀ ਰੱਖਣ । ਉਹ ਵੀ ਜਾਣੀ ਜਾਣ ਸਨ। ਮੇਰੇ ਪਿਤਾ ਨੂੰ ਕਹਿਣ ਲੱਗੇ, "ਜਿਊਣ ਸਿੰਹਾਂ, ਪੜ੍ਹਾ ਲਿਆਇਆ ਹੈਂ ਗੁਰਮੁਖ (ਸਿੰਘ) ਨੂੰ।" ਉਸ ਆਖਿਆ, "ਸੱਚੇ ਪਾਤਸ਼ਾਹ ਤੇਰੀਆਂ ਤੂੰ ਹੀ ਜਾਣੇ।" ਸਤਿਗੁਰੂ ਜੀ ਫਰਮਾਇਆ, "ਜਿਊਣ ਸਿੰਹਾਂ ਕੋਈ ਚਿੰਤਾ ਨਾ ਕਰ ਅਨਪੜ੍ਹ ਰਹਿਣ ਦੀ।ਮੈਨੂੰ ਪਤਾ ਹੈ ਜੋ ਇਸ ਕਰਨਾ ਹੈ।ਪੜ੍ਹਿਆਂ ਲਿਖਿਆਂ ਨੇ ਇਹਦੇ ਅੱਗੇ ਪਿੱਛੇ ਫਿਰਨਾ ਹੈ। ਇਹ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਸੇਵਾ ਹੀ ਕਰੇਗਾ। ਇਹੋ ਇਹਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਮਕਸਦ ਹੋਏਗਾ।"

**ਰੋਕਣਾ ਪਿੰਡ ਜਾਣ ਤੋਂ**

ਖੋਟਿਆਂ ਦੇ ਹੋਲੇ ਦੇ ਭੋਗ ਤੋਂ ਬਾਅਦ ਸੰਤ ਆਲਾ ਸਿੰਘ ਜੀ ਵਰਨ ਨੇ ਮੈਨੂੰ ਆਖਿਆ ਕਿ ਚੱਲ ਤੈਨੂੰ ਆਪਣੇ ਦੇਸ ਤੋਰ ਫੇਰ ਲਿਆਈਏ। ਸਾਡਾ ਪਿੰਡ ਝੱਬਰ ਅਤੇ ਵਰਨ ਗੁਆਂਢੀ ਪਿੰਡ ਸਨ ਜਿਹਨਾਂ ਦੀ ਜੂਹ ਰਲਦੀ ਸੀ। ਸੰਤ ਵੀ ਮੇਰੇ ਨਾਲ ਬੜਾ ਪ੍ਰੇਮ ਕਰਦੇ ਸਨ ਅਤੇ ਸਾਰੀ ਉਮਰ ਮੈਨੂੰ ਛੋਟਾ ਬੱਚਾ ਜਾਣਕੇ ਹੀ ਮੇਰਾ ਧਿਆਨ ਰੱਖਦੇ ਰਹੇ ਸਨ। ਸੋ ਮੈਂ ਸੰਤਾਂ ਨਾਲ ਟੁਰ ਪਿਆ ਦੁੱਲੇ ਦੀ ਬਾਰ ਵੱਲ। ਓਧਰ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤ ਸਮੇਤ ਘੋੜਿਆਂ 'ਤੇ ਸਵਾਰ ਹੋ ਕੇ ਟੁਰਨ ਲੱਗੇ ਤਾਂ ਚਾਰ ਚੁਫੇਰੇ ਨਿਗ੍ਹਾ ਮਾਰ ਕੇ ਕਹਿਣ ਲੱਗੇ, 'ਗੁਰਮੁਖ ਨਹੀਂ ਦਿਸਦਾ (ਹਜ਼ੂਰ ਸਾਰੀ ਉਮਰ ਮੈਨੂੰ ਲਾਡਲਾ ਬੱਚਾ ਜਾਣਕੇ ਮੇਰੇ ਅੱਧੇ ਨਾਂ ਨਾਲ ਬੁਲਾਉਂਦੇ ਸਨ। ਸਿੰਘ ਸ਼ਬਦ ਮੇਰੇ ਨਾਂ ਨਾਲ ਨਹੀਂ ਵਰਤਦੇ ਸਨ) ਇਕ ਸਿੰਘ ਨੇ ਕਿਹਾ ਜੀ ਉਹਨੂੰ ਤਾਂ ਸੰਤਾ ਆਲਾ ਸਿੰਘ ਹੋਰੀਂ ਲੈ ਗਏ ਹਨ ਆਪਣੇ ਨਾਲ, , ਪਿੰਡ ਖੜਨ ਵਾਸਤੇ। ਸਤਿਗੁਰੂ ਜੀ ਨੇ ਉਸੇ ਵੇਲੇ ਘੋੜੇ ਨੂੰ ਅੱਡੀ ਲਾਈ ਅਤੇ ਅੱਧ ਕੁ ਮੀਲ ਦੇ ਫਾਸਲੇ ਤੋਂ ਮੈਨੂੰ ਲੈ ਕੇ ਘੋੜੇ ਦੇ ਮਗਰ ਬਹਾ ਕੇ ਦੌਰੇ ਨਾਲ ਆ ਰਲੇ। ਮੈਨੂੰ ਮਾਈ ਜਿਊਣ ਕੌਰ ਜੀ ਦੇ ਹਵਾਲੇ ਕਰ ਦਿਤਾ ਅਤੇ ਇਸ ਤਰ੍ਹਾਂ ਮੈਂ ਮਾਈ ਜੀ ਦੇ ਨਾਲ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਪੁਜ ਗਿਆ। ਸਤਿਗੁਰੂ ਜੀ ਇਥੋਂ ਨਗਰ ਨਗਰੀ ਦਮਦਮਾ ਸਾਹਿਬ ਦੀ ਵੈਸਾਖੀ ਤੇ ਪੁੱਜ ਗਏ।

**ਦਮਦਮਾ ਸਾਹਿਬ ਦੀ ਵੈਸਾਖੀ, 1971 ਬਿਕ੍ਰਮੀ**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਟੁਰ ਜਾਣ ਬਾਅਦ ਪਟਿਆਲੇ ਵਾਲੇ ਰਾਜੇ ਮਹਿੰਦਰ ਸਿੰਘ ਨੂੰ ਬੜੀ ਹੈਂਕੜ ਸੀ ਕਿ ਮੈਂ ਕੂਕਾ ਲਹਿਰ ਅੰਗ੍ਰੇਜ਼ਾਂ ਨਾਲ ਰਲ ਕੇ ਦਬਾ ਦਿਤੀ ਹੈ।ਉਹ ਸਮਝਦਾ ਸੀ ਕਿ ਹੁਣ ਕੋਈ ਕੂਕਾ ਉਹਦੇ ਸਾਹਮਣੇ ਨਹੀਂ ਹੁੰਦਾ। ਜਿੱਥੇ ਵੀ ਨਾਮਧਾਰੀ ਸਿਖ ਭਜਨ, ਪਾਠ, ਹਵਨ ਬਾਣੀ ਆਦਿ ਲਈ ਇਕੱਠੇ ਹੁੰਦੇ ਉਥੋਂ ਹੀ ਫੜਕੇ ਜਿਹਲ ਵਿਚ ਸੁੱਟ ਦਿੰਦਾ ਸੀ। ਗੁਰੂ ਹਰੀ ਸਿੰਘ ਜੀ ਨੂੰ ਦਸਾਂ ਕੁ ਸਾਲਾਂ ਬਾਅਦ 20 ਤੋਂ ਲੈ ਕੇ 40 ਦਿਨਾਂ ਤੱਕ ਦੀ ਦੌਰਾ ਕਰਨ ਦੀ ਇਜ਼ਾਜ਼ਤ ਹੀ ਅੰਗ੍ਰੇਜ਼ ਸਰਕਾਰ ਦਿੰਦੀ ਸੀ ਸਾਰੇ ਵਰ੍ਹੇ ਵਿਚ। ਇਹ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਪ੍ਰਤਾਪ ਵਾਲੇ ਪ੍ਰਗਟ ਹੋਏ ਸਨ ਜਿਹਨਾਂ ਤੇ ਕੋਈ ਰੋਕ ਨਹੀਂ ਸੀ ਭਾਵੇਂ ਕਿੰਨਾ ਚਿਰ ਦੌਰਾ ਕਰਦੇ ਰਹਿਣ। ਹੁਣ ਉਸੇ ਪਟਿਆਲੀਏ ਦੀ ਉਲਾਦ ਦੇ ਰਾਜ ਵਿਚ, ਦਮਦਮੇ ਸਾਹਿਬ ਸਤਿਗੁਰੂ ਜੀ ਉਸਦੀ ਹੈਂਕੜ ਭੰਨਣ ਲੱਗੇ ਹਨ। ਸਿੰਘਾਂ ਨੂੰ ਆਖਿਆ, "ਦੀਵਾਨ ਲਾ ਦਿਓ।" ਦੀਵਾਨ ਲੱਗਾ। ਖੜਕੇ ਢੋਲਕੀ ਛੈਣੇ ਤੇ ਵੱਜੀਆਂ ਇੰਦਰ ਮੋਹਣੀਆਂਙ ਸਿੰਘ ਮਸਤਾਨੇ ਹੋਣ ਲੱਗ ਪਏ, ਨਾਮ ਬਾਣੀ ਦੇ ਰਸ ਵਿਚ ਭਿਜਕੇ। ਜਿਹੜੇ ਬਨਾਉਟੀ ਨਿਹੰਗ ਬਣੇ ਹੋਏ ਸਨ, ਸਰਕਾਰ ਦੇ ਝੋਲੀ ਚੁੱਕ, ਉਹ ਰੌਲਾ ਪਾਉਣ ਲੱਗ ਪਏ, ਅਖੇ, "ਕੂਕੇ ਕੇਸਾਂ ਦੀ ਬਿਅਦਬੀ ਕਰਦੇ ਹਨ।" ਕਹਿੰਦੇ, "ਨੰਗੇ ਸਿਰ ਅਸਾਂ ਨਹੀਂ ਸੂਤਰ ਕੱਢਣ ਦੇਣਾ।" ਸੰਤਾਂ ਕਰਮ ਸਿੰਘ ਹਿੰਮਤਪੁਰੇ ਵਾਲਿਆਂ ਕਿਹਾ ਕਿ ਦੀਵਾਨ ਲੱਗਾ ਹੈ ਅਤੇ ਭਾਈ ਨਿਹੰਗ ਸਿੰਘ ਦੀਵਾਨ ਦੀ ਬੇਰਸੀ ਨਾ ਕਰੋ। ਫਿਰ ਸੰਤਾਂ ਬਾਣੀ ਦੇ ਹਵਾਲੇ ਦਿਤੇ "ਕੇਸਾ ਕਾ ਕਰ ਚਵਰੁ ਢੁਲਾਵਾ ਚਰਣ ਧੂੜਿ ਮੁਖ ਲਾਈ।" (੭੪੯)

ਉਹਨਾਂ ਨੂੰ ਸਮਝਾਉਣਾ ਚਾਹਿਆ ਕਿ ਮਸਤਾਨੇ ਮਨ ਮੱਤ ਨਹੀਂ ਕਰਦੇ ਹਨ। ਬਾਣੀ ਦੀ ਚੋਟ ਵੈਰਾਗੇ ਮਨ ਨੂੰ ਨੱਚਣ ਲਾ ਦਿੰਦੀ ਹੈ। ਪਰ ਉਨ੍ਹਾਂ ਨਿਹੰਗ ਸਿੰਘਾਂ ਇਕੋ ਹੀ ਰਟ ਫੜੀ ਰੱਖੀ ਕਿ ਅਸੀਂ ਏਥੇ ਮਸਤਾਨਾ ਕੋਈ ਨਹੀਂ ਹੋਣ ਦੇਣਾ, ਜਿਹੜਾ ਹੋਏਗਾ ਉਸਨੂੰ ਸੋਧਾ ਲਾਵਾਂਗੇ। ਇੰਨੇ ਵਿਚ ਇਕ ਨਿਹੰਗ ਤਲਵਾਰ ਕੱਢ ਕੇ ਇਕ ਮਸਤਾਨੇ ਸਿੰਘ ਨੂੰ ਜਾ ਪਿਆ।ਸੰਤ ਕਰਮ ਸਿੰਘ ਜੀ ਨੇ ਉਸ ਨਿਹੰਗ ਦੀ ਧੌਣ ਵਿਚ ਅਜਿਹਾ ਪੁੱਠਾ ਟਕੂਆ ਜੜਿਆ ਕਿ ਉਹ ਭੁਆਂਟਣੀ ਖਾ ਕੇ ਮੂਧੇ ਮੂੰਹ ਹੋ ਕੇ ਜਾ ਪਿਆ।

ਹੋਰ ਨਿਹੰਗ ਸਿੰਘ ਆ ਪਏ। ਇਧਰੋਂ ਕੂਕੇ ਸਿੰਘ ਵੀ ਜਾ ਪਏ।

ਸਿੰਘਾਂ ਨੇ ਨਿਹੰਗਾਂ ਦੀ ਚੰਗੀ ਗਿੱਦੜ ਕੁੱਟ ਕੀਤੀ। ਪੰਜ ਨਿਹੰਗ ਸਿੰਘਾਂ ਨੂੰ ਕਾਫ਼ੀ ਸੱਟਾਂ ਵੱਜੀਆਂ। ਦੂਜੇ ਭੱਜ ਗਏ। ਏਨੇ ਨੂੰ ਰੀਪੋਰਟ ਮਿਲਣ ਤੇ ਪੁਲੀਸ ਵੀ ਆ ਗਈ। ਪੁਲੀਸ ਨੂੰ ਕਿਸੇ ਜਾ ਕਿਹਾ ਸੀ ਕਿ ਕੂਕਿਆਂ ਨੇ ਨਿਹੰਗ ਤੇ ਪੁਜਾਰੀ ਕਤਲ ਕਰ ਦਿਤੇ ਹਨ। ਦੀਵਾਨ ਦੀ ਸਮਾਪਤੀ ਹੋ ਗਈ। ਸਿੱਖ ਸਾਰੇ ਸਤਿਗੁਰਾਂ ਕੋਲ ਅੰਦਰ ਗੁਰਦੁਆਰੇ ਦੇ ਚਲੇ ਗਏ ਸਨ। ਸਤਿਗੁਰਾਂ ਨੇ ਧੀਰਜ ਦਿਤੀ ਸਭ ਨੂੰ ਕਿ ਮਾਲਾ ਫੇਰੋ ਤੇ ਬਹਿ ਜਾਓ, ਤੁਹਾਡਾ ਵਾਲ ਵਿੰਗਾ ਨਹੀਂ ਹੁੰਦਾ। ਜੋ ਟਕੂਆ ਸਲੋਤਰ ਆਦਿ ਸਿੰਘਾਂ ਪਾਸ ਸੀ ਗੁਰੂ ਜੀ ਨੇ ਕਿਹਾ ਕਿ ਮੇਰੇ ਮੰਜੇ ਹੇਠਾਂ ਸੁੱਟ ਦਿਓ। ਪੁਲੀਸ ਜੋ ਮੌਕੇ ਤੇ ਮੌਜੂਦ ਸੀ ਸਾਰੀ ਹੀ ਉਥੇ ਪੁੱਜ ਗਈ ਸੀ। ਗੁਰਦੁਆਰੇ ਨੂੰ ਘੇਰਾ ਪਾ ਲਿਆ। ਅਫ਼ਸਰਾਂ ਉਹਨਾਂ ਦਿਆਂ ਨੇ ਸਤਿਗੁਰਾਂ ਪਾਸ ਆਪਣਾ ਇਕ ਸਾਦੀ ਵਰਦੀ ਵਿਚ ਬੰਦਾ ਭੇਜਿਆ ਕਿ ਅਸੀਂ ਦਰਸ਼ਨ ਕਰਨੇ ਹਨ। ਸਤਿਗੁਰੂ ਜੀ ਨੇ ਆਉਣ ਦਾ ਹੁਕਮ ਦੇ ਦਿਤਾ। ਜਿਸ ਵਕਤ ਪੁਲੀਸ ਨੇ ਸਤਿਗੁਰਾਂ ਦਾ ਅਤੇ ਸੰਗਤ ਦਾ ਦਰਸ਼ਨ ਕੀਤਾ ਸਭ ਮੋਮ ਵਾਗੂੰ ਨਰਮ ਹੋ ਗਏ। ਸਤਿਗੁਰੂ ਜੀ ਨੇ ਆਦਰ ਮਾਣ ਕੀਤਾ। ਸਭ ਮੱਥਾ ਟੇਕ ਕੇ ਬਹਿ ਗਏ। ਸਤਿਗੁਰੂ ਜੀ ਨੇ ਪੁੱਛਿਆ, "ਆਓ ਭਾਈ, ਕਿਸ ਤਰ੍ਹਾਂ ਆਏ ਹੋ ?" ਉਹਨਾਂ ਆਖਿਆ ਜੀ ਲੜਾਈ ਹੋਈ ਦੀ ਇਤਲਾਹ ਮਿਲੀ ਹੈ ਤਾਂ ਆਏ ਹਾਂ।' ਸਤਿਗੁਰੂ ਜੀ ਨੇ ਸੰਤ ਕਰਮ ਸਿੰਘ ਹਿੰਮਤਪੁਰਾ ਨੂੰ ਸੱਦ ਕੇ ਬਚਨ ਕੀਤਾ ਕਿ ਜਿਸ ਤਰ੍ਹਾਂ ਲੜਾਈ ਹੋਈ ਹੈ, ਜੋ ਘਟਨਾ ਘਟੀ ਹੈ, ਸਭ ਸੱਚੋਂ ਸੱਚ ਦੱਸ ਦਿਉ। ਸੰਤਾਂ ਨੇ ਆਪਣੇ ਬਿਆਨ ਵਿਚ ਜੋ ਵਾਰਤਾ ਵਾਪਰੀ ਸੀ, ਸਭ ਸੁਣਾ ਦਿਤੀ। ਅਫ਼ਸਰਾਂ ਨੇ ਆਪੋ ਵਿਚ ਸਲਾਹ ਕਰਕੇ ਸਤਿਗੁਰੂ ਜੀ ਨੂੰ ਕਿਹਾ ਕਿ ਦੋ ਸਿੰਘ ਤੁਸੀਂ ਦੇ ਦਿਓ। ਪੰਜੇ ਨਿਹੰਗ ਸਿੰਘ ਜਿਹਨਾਂ ਨੂੰ ਸੱਟਾਂ ਵੱਜੀਆਂ ਸਨ, ਉਹ ਵੀ ਪੁਲੀਸ ਨੇ ਹਿਰਾਸਤ ਵਿਚ ਲੈ ਲਏ। ਇਸ ਤਰ੍ਹਾਂ ਸੱਤ ਜਣੇ ਪੁਲੀਸ ਨੇ ਹਵਾਲਾਤ ਵਿਚ ਦੇ ਦਿਤੇ ਦੋਹਾਂ ਪਾਸਿਉਂ। ਜਾਣ ਲੱਗੇ ਅਫ਼ਸਰ ਸਤਿਗੁਰੂ ਜੀ ਨੂੰ ਕਹਿ ਗਏ ਕਿ ਤੁਸੀਂ ਆਪਣਾ ਨਾਮ ਬਾਣੀ ਦਾ ਪ੍ਰੋਗਰਾਮ ਜਾਰੀ ਰੱਖੋਂ। ਸਤਿਗੁਰੂ ਜੀ ਨੇ ਸੰਤ ਭਗਤ ਸਿੰਘ ਦਾਤੇਵਾਲੀਏ, ਸੰਤ ਮੰਗਲ ਸਿੰਘ ਜੀ ਅਰਸ਼ੀ ਫ਼ਰਿਸ਼ਤਾ ਫਤੂਹੀਚੱਕੀਏ, ਅਤੇ ਸੰਤ ਟਹਿਲ ਸਿੰਘ ਜੀ ਸੱਦੋ ਵਾਲੀਏ ਨੂੰ ਕਿਹਾ ਕਿ ਢੋਲਕੀ ਛੈਣਿਆਂ ਨਾਲ ਦੀਵਾਨ ਸਜਾਓ। ਹੁਣ ਲੱਗੀ ਕੂਕਿਆਂ ਦੀ ਢੋਲਕੀ ਖੜਕਣ। ਤਹਾਂ ਸੰਤਾਂ ਨੇ ਆਦਿ ਅਤੇ ਦਸਮ ਦੀ ਬਾਣੀ ਦੀ ਭਰਪੂਰ ਵਰਖਾ ਕੀਤੀ। ਸੁਣਨ ਵਾਲੇ ਨਿਹਾਲ ਹੋਏ। ਕੁੱਲ ਭੇਖ ਸਾਡੇ ਦੀਵਾਨ ਵਿਚ ਆਉਂਦੇ ਅਤੇ ਸੁਣ ਕੇ ਖ਼ੁਸ਼ ਹੁੰਦੇ। ਲੌਢੇ ਵੇਲੇ ਦਾ ਦੀਵਾਨ ਸ਼ੁਰੂ ਹੋਇਆ ਰਾਗੀਆਂ ਦਾ। ਭਾਈ ਕਾਲੂ, ਭਾਈ ਮੱਤੂ, ਭਾਈ ਸੋਹਣਾ, ਭਾਈ ਸੰਦਲ, ਜੈ ਸਿੰਘ ਮੌਲੀ ਅਤੇ ਸੰਤ ਲਾਲ ਸਿੰਘ ਭੂਰੇ ਗਿੱਲੀਏ ਨੇ ਚੌਕੀਆਂ ਭਰੀਆਂ। ਵਿਚਕਾਰ ਆਪਣੇ ਸਿੰਘਾਸਨ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਸ਼ੋਭਿਤ ਹਨ, ਆਸੇ ਪਾਸੇ ਸੂਰਮੇਂ ਨਾਮਧਾਰੀ ਸਿੰਘ। ਬੀਰ ਰਸ ਵਿਚ ਭਰਪੂਰ ਸਾਰੀ ਸੰਗਤ। ਜਿਹੜਾ ਕੋਈ ਮੰਗ ਮੰਗਦਾ ਹੈ ਉਹ ਪੂਰੀ ਕਰਦੇ ਹਨ। ਸਤਿਗੁਰੂ ਜੀ ਹੁਕਮ ਕੀਤਾ ਕਿ ਜਿਹੜੇ ਸਿੰਘ ਫੜੇ ਹਨ, ਉਹਨਾਂ ਦਾ ਪ੍ਰਸ਼ਾਦ ਪਾਣੀ ਭੇਜਿਆ ਹੈ ਕਿ ਨਹੀਂ। ਸਿੰਘਾਂ ਦੇ ਨਾਂਹ ਕਹਿਣ ਤੇ ਆਪ ਨੇ ਫੁਰਮਾਇਆ ਕਿ ਪ੍ਰਸ਼ਾਦ ਵੀ ਭੇਜੋ ਅਤੇ ਦੇਗ ਵੀ ਰਗੜ ਕੇ ਪਹਿਲਾਂ, ਕਿਉਂਕਿ ਲਾਲ ਸਿੰਘ ਦੇਗ ਛਕਦਾ ਸੀ। ਬਾਬੇ ਧੰਨੇ ਨੂੰ ਹੁਕਮ ਹੋ ਗਿਆ ਦੇਗ ਲੈ ਜਾ। ਹੁਕਮ ਹੋਇਆ ਬਾਬੇ ਧੰਨੇ ਨੂੰ, "ਬਾਰਾਂ ਸੇਰ ਪੱਕੇ ਦਾ ਗੜਵਾ ਭਰ ਕੇ ਖੜੀਂ, ਦੂਜਿਆਂ ਨਿਹੰਗ ਸਿੰਘਾਂ ਨੂੰ ਵੀ ਦੇਗ ਛਕਾਉਣੀ ਹੈ।" ਬਾਬੇ ਧੰਨੇ ਹੋਰੀਂ ਜਿਸ ਵੇਲੇ ਜਾ ਕੇ ਲਾਲ ਸਿੰਘ ਹੋਰਾਂ ਨੂੰ ਜਲ ਪਾਣੀ ਛਕਾਉਣ ਲੱਗੇ ਤਾਂ ਲਾਲ ਸਿੰਘ ਹੋਰਾਂ ਕਿਹਾ ਕਿ ਪਹਿਲਾਂ ਨਿਹੰਗ ਸਿੰਘਾਂ ਨੂੰ ਛਕਾਈਏ। ਉਹਨਾਂ ਨੂੰ ਅਰਜ਼ ਕੀਤੀ ਕਿ ਦੇਗਾਂ ਛਕੋ। ਪਹਿਲਾਂ ਤਾਂ ਥੋਹੜਾ ਵਿੱਟਰੇ ਪਰ ਫਿਰ ਮੰਨ ਗਏ। ਫਿਰ ਪ੍ਰਸ਼ਾਦਾ ਵੀ ਸੱਤਾਂ ਦਾ ਹੀ ਭੇਜਿਆ। ਅਗਲੇ ਦਿਨ ਮੇਲੇ ਦਾ ਭੋਗ ਪੈ ਗਿਆ। ਫਿਰ ਸੱਤਾਂ ਨੂੰ ਕੜਾਹ ਪ੍ਰਸ਼ਾਦ ਭੇਜਿਆ।ਉਹਨਾਂ ਪੰਜਾਂ ਨੂੰ ਗਿਆਨ ਹੋਇਆ ਕਿ ਸਾਡਾ ਤਾਂ ਜਥੇਦਾਰ ਕੋਈ ਨਹੀਂ ਆਇਆ। ਇਹਨਾਂ ਦੂੰਹਾਂ ਦਾ ਮਾਲਕ ਇਹਨਾਂ ਦੇ ਮਗਰ ਹੈ, ਜਿਸ ਪੂਰੀ ਪੁੱਛ ਰੱਖੀ ਹੈ। ਤੋਟ ਨਹੀਂ ਆਉਣ ਦਿਤੀ, ਹੁਣ ਸਤਿਗੁਰੂ ਜੀ ਨੇ ਇਕ ਸਿੰਘ ਅਫ਼ਸਰਾਂ ਕੋਲ ਭੇਜਿਆ ਕਿ ਸਾਡੇ ਸਿੰਘਾਂ ਨੂੰ ਛੱਡ ਦਿਉ। ਅਸੀਂ ਵਾਪਸ ਭੈਣੀ ਸਾਹਿਬ ਨੂੰ ਦੌਰਾ ਤੋਰਨਾ ਹੈ। ਨਿਹੰਗ ਸਿੰਘਾਂ ਨੂੰ ਅਫ਼ਸਰਾਂ ਨੇ ਪੁੱਛਿਆ ਕਿ ਤੁਹਾਡੀ ਸਲਾਹ ਮੁਕੱਦਮਾ ਭੁਗਤਣ ਦੀ ਹੈ ਜਾਂ ਸੁਲ੍ਹਾ ਕਰਨ ਦੀ।ਉਹਨਾਂ ਸੋਚਿਆ ਕਿ ਇਥੇ ਤਾਂ ਕਿਸੇ ਵਾਤ ਨਹੀਂ ਪੁੱਛੀ ਸਾਡੀ, ਅੱਗੇ ਮੁਕੱਦਮੇ ਵਿਚ ਕੀ ਪਤਾ ਕੀ ਬਣਨਾ ਹੈ ਸੋ ਉਹ ਵੀ ਸੁਲ੍ਹਾ ਲਈ ਰਾਜ਼ੀ ਹੋ ਗਏ। ਅਫ਼ਸਰਾਂ ਨੇ ਸੱਤੇ ਹੀ ਛੱਡ ਦਿਤੇ। ਸਤਿਗੁਰੂ ਜੀ ਨੇ ਪਟਿਆਲਾ, ਨਾਭਾ, ਫ਼ਰੀਦਕੋਟ, ਜੀਂਦ ਆਦਿ ਦੀ ਸੰਗਤ ਨੂੰ ਧੀਰਜ ਦਿੱਤੀ ਕਿ ਅੱਜ ਤੋਂ ਤੁਹਾਡੇ ਤੇ ਕੋਈ ਸਖ਼ਤੀ ਨਹੀਂ ਕਰੇਗਾ। ਜਿੱਥੇ ਕਿਸੇ ਦਾ ਚਿੱਤ ਕਰੇ ਹੁਣ ਮੇਲਾ, ਪਾਠ, ਹਵਨ, ਵਰਨੀ ਆਦਿ ਕਰਾਉ। ਸੰਗਤ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੱਸ ਗਾਉਂਦੀ ਹੋਈ ਆਪੋ ਆਪਣੇ ਨਗਰਾਂ ਨੂੰ ਪਰਤ ਗਈ।

**ਚਲਦਾ.....**

# Have smartphones created an 'anxious generation'? Jonathan Haidt sounds the alarm



**Hugh Breakey**

The social psychologist Jonathan Haidt's new book The Anxious Generation delivers an urgent call for action.

Haidt argues that the evidence is in. Teenagers' widespread use of smartphones is causing a mental health crisis. Individual, collective and legislative action is required to limit their smartphone access.

Haidt begins his book with an allegory. Imagine someone offered you the opportunity to have your ten-year-old child grow up on Mars, even though there is every reason to believe that radiation and low gravity could greatly disrupt healthy adolescent development, leading to long-term afflictions. Surely, given the risks, you would refuse the offer.

A decade ago, parents could not have known the threats lying within the shiny new smartphones they presented to their excited teenagers. But the evidence is mounting that the children who grew up with smartphones are struggling.

Haidt calls the period from 2010 to 2015 the "great rewiring". This was a period when adolescents had their neural systems primed for anxiety and depression by extensive daily smartphone use.

**The kids aren't alright**

Haidt's two central claims are that Gen Z is suffering from a major mental illness epidemic and that smartphones are largely to blame.

Readers should be wary about both these claims – not in the sense that we should resist believing them, but rather we should not be too *eager* to embrace them. After all, it is perilously easy to believe that the kids aren't alright. Elders routinely despair of the younger generation.

Haidt explicitly acknowledges that other experts have argued against claims of widespread teenage anxiety. In response, he cites recent evidence from a host of different sources: not just self-reports of problems, but hard data on self-harming, suicide rates, diagnosed mental disorders and mental health hospitalizations.

While Haidt focuses on the US, he observes concurrent shifts in youth mental health in many Western countries, including Australia.

But do these findings constitute an *epidemic* demanding society-wide responses? Here the book would have benefited from systematically drawing together the science in

easily understandable terms.

Haidt's marshalled evidence consistently shows a rise, beginning around 2010 and starting with girls, in a host of adolescent mental health disorders and wellbeing concerns. Broadly speaking, the figures in the US show mental health issues that previously plagued around 5-10% of adolescents growing to afflict around twice that amount.

On the one hand, these data suggest the term "anxious generation" is somewhat misleading. A large majority of Gen Z do not have anxiety disorders – and of those who do, almost half would have done so irrespective of smartphone usage.

On the other hand, the numbers remain concerning. No parent would be comfortable handing their child any substance they knew had a one-in-ten chance of causing the child a mental disorder within a few years. There are also data suggesting that, even among those without disorders, children increasingly suffer from loneliness and other concerning outcomes.

Perhaps the most alarming part of the steep curves and precipitous falls in Haidt's many graphs is not the current figures, but the current *trajectories*. In almost all cases, things are getting worse. It is possible we may be in the early days of an unfolding catastrophe.

**Insert your ideological preference**

If we accept there is a serious problem, then the question arises as to its cause. Again, we must resist intuitively appealing answers to this question. The worry is that we will all look into a "witch's mirror", seeing what we want to see or what our preferred ideology tells us we should expect. I am old enough to remember panics about heavy metal music and Dungeons & Dragons.

Indeed, it is possible that Haidt himself fell into this trap, at least in part. In a previous book, The Coddling of the American Mind, Haidt and his co-author Greg Lukianoff argued that harmful worldviews and beliefs prevalent in US educational settings were priming young people for worrying mental health outcomes.

Haidt thinks this coddling remains a factor, but now recognises the hypothesis fails to fit the data. Specifically, he acknowledges the plummeting mental health of adolescents is evident in many countries, and across all educational levels and social classes.

Are there alternative hypotheses that fit this data? Perhaps kids today are anxious and depressed because they *should* be anxious and depressed? After all, they inherit a world facing runaway global warming, systemic injustices, insecure work futures and more. Yet Haidt rightly observes that past generations with dire prospects did not show similar mental health outcomes.

Ultimately, the problem is likely to stem from a mix of factors. Haidt argues the current situation was not caused *exclusively* by smartphone use. Recent decades have also seen the rise of "safetyism" – a term he and Lukianoff coined to describe the preferencing of individual safety ahead of other values – and helicopter parenting. These phenomena have increasingly shielded children from the vital development provided by physical play and unsupervised exploration of the real

world.

Haidt argues that parents became fearful of the healthy risks posed by the outside world, even as they catastrophically opened their children up to the unhealthy dangers of the virtual world.

**Developmental concerns**

Smartphones did not initially raise major developmental concerns for children. The problems started around 2010 when they combined with other factors like social media, high-speed internet, a backward-facing camera (encouraging selfies), addictive games, easily accessible pornography, and free apps that maximise profit by cultivating addiction and social contagion.

This toxic technological mix allowed smartphones to take over children's lives. Usage rates averaging seven hours a day gradually but profoundly rewired their maturing brains. Haidt thinks this rewiring gives rise to four "foundational concerns":

1. *Social deprivation*: a smartphone is an "experience blocker", taking up hours a day that would otherwise be spent in physical play or in-person conversations with friends and family.
2. *Sleep deprivation*: too many teenagers stay on their smartphones late at night when they need rest.
3. *Attention fragmentation*: alerts and messages continually drag teenagers away from the present moment and tasks requiring concentration.
4. *Addiction*: apps and social media are deliberately designed to hack vulnerabilities in teenagers' psychologies, leading to an inability to enjoy anything else.

Building on these foundational concerns are ones specific to each gender. Girls proved more vulnerable to the damaging effects of social media, while boys retreated into online gaming and pornography.

**Dangers to adolescent mental health**

An intriguing part of Haidt's book is its account of the *way* smartphones became addictive and damaging.

Teenagers, like all humans, have several basic needs and emotional drivers: for social connection and inclusion, for a sense of individual empowerment and agency, for sexual fulfillment, and so on.

Haidt explains that, normally, for almost all human history and evolution, these incentives drove teenagers to do things in person, in the real world – things like making friends, playing games together, navigating disputes, getting tasks done, developing romantic attachments and taking physical risks.

While these activities can lead to injuries, tears and frustrations, they are nevertheless important for teenagers' mental health and development. Children are antifragile: they need these types of risks and stressors to grow properly.

Smartphones – and their apps, games and social media – also provide responses to all these drivers. But they do so without prompting the above activities and the important outcomes they deliver, such as close friendships and resilience.

For example, a teenager might feel

lonely and want connection, so they join Instagram or TikTok. Social media provides a type of connection and delivers a temporary dopamine hit. But it fulfils the teenager's immediate need in a way that does not involve real world connections and challenges. This only makes them lonelier and more isolated in the longer term.

**What can we do?**

Even if we accept Haidt's claims about the rise in anxiety fuelled by smartphones, it is not clear how we should respond. Perhaps radical solutions are unnecessary. In time, things might work themselves out, such as through further technological innovations.

Haidt's view is that *collective* action is critical. As he sees it, the problem is not only that smartphones are intrinsically useful and alluring (which is why we all wanted them in the first place); it is not only that their apps are addictive. The problem – especially in a school setting – is that if most of a teenager's peers have smartphones, then the ones who don't have one risk being social outcasts, perpetually "left out" and never "in the know".

For this reason, Haidt thinks actions by isolated parents are unlikely to be successful. Ironically, the same heightened parental concern for child safety Haidt has previously critiqued may prove to be a powerful force for change. At least some parents are likely to view their children's future mental health as a non-negotiable good and treat smartphones as the modern-day hypodermic needle.

For his part, Haidt argues for four new norms, to be created by parents' collective action alongside legislative and regulatory reforms:

1. No smartphones before high school
2. No social media before 16
3. Phone-free schools
4. More independence, free play, and responsibility in the real world.

**A deeper problem**

Haidt's book leaves the reader with a further, deeper worry.

Suppose he is right that the things that lead to human flourishing involve real world physical encounters with other people: family, close friends, romantic partners, neighbours, local community groups and members.

Such encounters are often unpredictable, messy, inconvenient and frustrating. Conversely, the online world is becoming easier, cheaper and more alluring every day. Innovations and algorithms continually hone our experience, as profit-driven industries work ever more aggressively to capture and keep our attention.

In the face of all this, it may be that the real world can't compete. The mental health concerns currently plaguing Gen Z might turn out to be ones that every generation will face.

If so, Haidt's suggested reforms might mark the first foray in what will be a long battle between the human need for real-world experience and connection, and the powerful temptations of an online world that offers something we can't possibly resist: "a little bit of everything, all of the time".

..........................................................

# Beyond spirituality: the role of meditation in mental health

Jonathan Krygier

Meditation has traditionally been associated with Eastern mysticism but science is beginning to show that cultivating a "heightened" state of consciousness can have a major impact on our brain, the way our bodies function and our levels of resilience.

Clinicians are increasingly looking for effective, preventative, non-pharmacological options to treat mental illness. And meditation techniques – such as quietening the mind, understanding the self and exercising control – show promise as an alternative tool to regulate emotions, mood and stress.

**Body**

Meditation influences the body in unexpected ways. Experienced meditators, for instance, can speed or slow their metabolism by more than 60% and raise their body temperature by as much as 8°C.

Even a little training in meditation can make people calmer, less stressed and more relaxed. As little as 20 minutes a day leads to physical changes, such as reduced blood pressure, lower heart rate, deeper and calmer breathing. Improvements in blood pressure as a result of meditation have also been linked to a lower risk of heart attack.

Meditation is also beginning to prove effective as a treatment for chronic and acute pain. One experiment showed that four days of mindfulness meditation 'substantially reduced the participants experience of unpleasantness and the intensity of their pain.

**Mind, brain and beyond**

Meditation increases left-sided, frontal brain activity, an area of the brain associated with positive mood. Interestingly, this increase in left-brain activity is also linked with improvements in immune system activity. And the more you practise meditation, the greater your immune function is likely to be.

Studies have shown that long-term meditators have increased volumes of grey matter in the right orbito-frontal cortex and hippocampus regions of their brain which are responsible for regulating emotion. Similar changes have also been found in non-meditators who completed an eight-week course in mindfulness training.

So even a limited stint of meditation has the potential to change the structure of the brain.

**Ageing**

The cortex in the brain usually thins as we age – a type of atrophy related to dementia. Intriguingly, those who have meditated around an hour a day for six years display

increased cortical thickness. Older meditators also show decreased age-related decline in cortical thickness compared to non-meditators of the same age.

Meditation may increase longevity by protecting the brain and heart from the damaging effects of stress. One study reported that meditation and yoga help to prevent cellular damage caused by chronic psychological stress. It has even been suggested that meditation may slow cellular aging.

**Emotional stability**

The causes and effects of emotional experience exist throughout the body and the brain, and as such they are deeply linked to physical and psychological stress.

Meditation enhances positive emotions and mood, and appears to make people less vulnerable to the stresses and upsets of daily life.

Research shows that meditators are better at regulating immediate responses to negative stimuli and have reduced activity in the amygdala – a region implicated in response to threat. These findings reflect greater emotional resilience among meditators as well as less psychological distress and anxiety.

Mindfulness, which can be cultivated through meditation, is just one technique that can increase mental health and wellbeing. Several therapeutic techniques have been based on these practices, such as mindfulness-based stress reduction and mindfulness-based cognitive therapy. These treatments have had success in treating anxiety and mood disorders.

**Next steps in research**

Research has shown us that meditation improves our mood, reduces the body's response to stress and, over time, alters the structure of the brain.

Our team at the University of Sydney is attempting to fill some of the gaps in our knowledge of how meditation acts on the mind and the body to calm emotional reactions. We're currently investigating the effects of meditation on brain and body function during emotional provocation, such as viewing disturbing photographic images.

We want to better understand the effects of short, intensive periods of meditation on brain and body functions associated with regulation of emotional responses. We are also examining the genetic factors that may help determine what types of people benefit most from meditation training.

If we can demonstrate the efficacy of intensive meditation on emotion regulation, and characterize those who will benefit most, we will have established a significant role for meditation in improving mental and physical health.

..........................................................

## ਜਾਂ ਨੀਂਦ ਸਦਾ ਦੀ ਸੀ ਸੌਂ ਗਿਆ

ਜਾਂ ਹਾੜ ਪੰਦਰਾਂ ਦਾ, ਸੂਰਜ ਸੱਤ ਘੜੀਆਂ ਸੀ ਰਹਿ ਗਿਆ।
ਮਾਲਕ ਤਖਤਾਂ ਤਾਜਾਂ ਦਾ, ਆਖਰ ਲੰਮੀਆਂ ਤਾਣ ਕੇ ਪੈ ਗਿਆ।
ਗਿਆ ਜੂਨ ਸਤਾਈ ਸੀ, ਈਸਵੀ ਠਾਰਾਂ ਸੌ ਉਨਤਾਲੀ।
ਜਾਂ ਨੀਂਦ ਸਦਾ ਦੀ ਸੀ ਸੌਂ ਗਿਆ ਦੇਸ਼ ਪੰਜਾਬ ਦਾ ਵਾਲੀ।

ਵਿੱਚ ਰਾਜ ਮਹੱਲਾਂ ਦੇ, ਮੱਚੀ ਹਾਹਾਕਾਰ ਦੁਹਾਈ।
ਤਾਂ ਭੁੱਬਾਂ ਮਾਰ ਰੁੰਨੀ, ਕੱਠੀ ਹੋ ਕੇ ਆਣ ਲੁਕਾਈ।
ਪੰਜਾਬ ਅੰਧੇਰ ਪਿਆ, ਇਸ ਦਿਨ ਪੱਛਮ ਜਗੀ ਦੀਵਾਲੀ।
ਜਾਂ ਨੀਂਦ ਸਦਾ ਦੀ ਸੀ ਸੌਂ ਗਿਆ ਦੇਸ਼ ਪੰਜਾਬ ਦਾ ਵਾਲੀ।

ਏਹ ਪੂਰਨਮਾਸ਼ੀ ਦੀ, ਰਾਤਰ ਘੋਰ ਅੰਧੇਰ ਲਿਆਈ।
ਅਗਲਾ ਸਵੇਰ ਹੋਇਆ, ਤਾਂ ਗਈ ਚੰਦਨ ਚਿਖਾ ਚਨਾਈ।
ਇਸ ਹਰਮਨ ਪਿਆਰੇ ਦੀ, ਅਰਥੀ ਨਿਕਲੀ ਤੋੜ ਭਿਆਲੀ।
ਜਾਂ ਨੀਂਦ ਸਦਾ ਦੀ ਸੀ ਸੌਂ ਗਿਆ ਦੇਸ਼ ਪੰਜਾਬ ਦਾ ਵਾਲੀ।

ਤੁਰੇ ਜਾਂਦੇ ਮਾਲਕ ਨੂੰ, ਰੋ ਕੇ ਮਾਤਮ ਬੈਂਡ ਪੁਕਾਰਾ।
ਇਸ ਸੁੰਞੇ ਲਸ਼ਕਰ ਦੀ, ਸਿੰਘਾਂ ਕੌਣ ਲਵੇਗਾ ਸਾਰਾ।
ਭੈ ਭੀਤ ਵਿਯੋਗ ਭਰੀ, ਮੂੰਹੋਂ ਤੋਪਾਂ ਗਰਜ ਨਿਕਾਲੀ।
ਜਾਂ ਨੀਂਦ ਸਦਾ ਦੀ ਸੀ ਸੌਂ ਗਿਆ ਦੇਸ਼ ਪੰਜਾਬ ਦਾ ਵਾਲੀ।

ਭਾਰਤ ਦੀ ਧਰਤੀ ਦੇ, ਨੇ ਮਿਰਗ ਮੀਨ ਪੰਖੇਰੂ ਰੋਏ।
ਬਿਰਛਾਂ ਦੀਆਂ ਸ਼ਾਖਾਂ ਚੋਂ, ਹੰਝੂ ਭਰ ਭਰ ਕੇ ਨੇ ਚੋਏ।
ਤੜਫਣ ਜਿਉਂ ਮੀਨ ਥਲੀ, ਪੁੱਤਰ ਯਾਰ ਮਿਤ੍ਰ ਸਮਕਾਲੀ।
ਜਾਂ ਨੀਂਦ ਸਦਾ ਦੀ ਸੀ ਸੌਂ ਗਿਆ ਦੇਸ਼ ਪੰਜਾਬ ਦਾ ਵਾਲੀ।

ਕਰ ਅੰਤਮ ਦਰਸ਼ਨ ਜਾਂ ਆਖਰ ਚਿਖਾ ਤੇ ਗਿਆ ਟਕਾਇਆ।
ਨਾ ਮੁੱਖੋਂ ਸੀ ਨਿਕਲੀ, ਸ਼ੇਰ ਨੇ ਪਾਸਾ ਨਹੀਂ ਪ੍ਰਤਾਇਆ।
ਸਤੀ ਰੀਤ ਨਿਭਾਵਣ ਲਈ ਰਾਣੀਆਂ ਬੈਠੀਆਂ ਆਣ ਦਿਵਾਲੀ।
ਜਾਂ ਨੀਂਦ ਸਦਾ ਦੀ ਸੀ ਸੌਂ ਗਿਆ ਦੇਸ਼ ਪੰਜਾਬ ਦਾ ਵਾਲੀ।

ਜੋ ਰਸਮ ਸਮਾਜ ਦੀ ਸੀ, ਲੰਬੂ ਖੜਕ ਸਿੰਘ ਨੇ ਲਾਇਆ।
ਅਗਨੀ ਵਿੱਚ ਸੜਨ ਲੱਗਾ ਜਿਸਦਾ ਸੀ ਦੁਨੀਆਂ ਤੇ ਸਾਇਆ।
ਇਸ ਸਮੇਂ ਭਿਆਨਕ ਤੋਂ, ਨਾ ਫੌਜਾਂ ਕਰ ਸਕੀਆਂ ਰਖਵਾਲੀ।
ਜਾਂ ਨੀਂਦ ਸਦਾ ਦੀ ਸੀ ਸੌਂ ਗਿਆ ਦੇਸ਼ ਪੰਜਾਬ ਦਾ ਵਾਲੀ।

ਜਾਂ ਭੇਟਾ ਅਗਨੀ ਦੀ, ਹੋ ਗਿਆ ਮਹਾਂ ਸਿੰਘ ਦਾ ਜਾਇਆ।
ਇੱਕ ਜੋੜਾ ਕਬੂਤਰਾਂ ਦਾ ਉਡਦਾ ਚਿਖਾ 'ਚ ਆਣ ਸਮਾਇਆ।
ਹੋ ਗਏ ਹੈਰਾਨ ਸਭੇ, ਵੇਖ ਕੇ ਖੇਡ ਅਜੀਬ ਨਿਰਾਲੀ।
ਜਾਂ ਨੀਂਦ ਸਦਾ ਦੀ ਸੀ ਸੌਂ ਗਿਆ ਦੇਸ਼ ਪੰਜਾਬ ਦਾ ਵਾਲੀ।

ਇਸ ਮਰਦ ਰੰਗੀਲੇ ਦੇ, ਕਿਸਮਤ ਨਾਲ ਪੰਜਾਬ ਦੀ ਸੜ ਗਈ।
ਇਤਫਾਕ ਤੇ ਦੇਸ਼ ਸੇਵਾ, ਬੁੱਕਲ ਮਾਰ ਚਿਖਾ ਵਿੱਚ ਵੜ ਗਈ।
ਆਗੂਆਂ ਵਿੱਚ ਆਣ ਵੜੀ, ਸੀ ਖੁਦਗਰਜੀ ਮਾਰ ਕੇ ਛਾਲੀ।
ਜਾਂ ਨੀਂਦ ਸਦਾ ਦੀ ਸੀ ਸੌਂ ਗਿਆ ਦੇਸ਼ ਪੰਜਾਬ ਦਾ ਵਾਲੀ।

ਕਹੇ ਜੀਵਨ ਸਿੰਘ ਕਵੀ, ਆਪਣੀ ਮਰਦ ਲੈ ਗਿਆ ਮਾਇਆ।
ਹੁਣ ਅਗਲਾ ਹਾਲ ਸੁਣੋਂ, ਜੋ ਖੁਦਗਰਜਾਂ ਧੁੰਦ ਮਚਾਇਆ।
ਵੀਰਾਂ ਨੇ ਵੀਰਾਂ ਦੇ, ਉਡਾਈ ਖੂਨ ਦੀ ਜਿਵੇਂ ਗੁਲਾਲੀ।
ਖੜਕ ਸਿੰਘ ਖਿਲਾਫ ਨੌ ਨਿਹਾਲ ਨੂੰ ਭੜਕਾਉਣਾ ਤੇ ਕੈਦ ਕਰਨਾ।

**ਕਵੀ ਜੀਵਨ ਸਿੰਘ**

# ਬੱਚਿਆਂ ਦਾ ਪੰਨਾ

## ਅਰਦਾਸ ਦੀ ਸ਼ਕਤੀ

ਭਾਈ ਲਾਲ ਸਿੰਘ ਇੱਕ ਬਹੁਤ ਮਜਬੂਤ ਢਾਲ ਬਣਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਕੇ ਆਇਆ। ਜਦੋਂ ਗੁਰੂ ਜੀ ਨੇ ਪੁੱਛਿਆ,

"ਲਾਲ ਸਿੰਘ ਇਹ ਢਾਲ ਕਿੰਨੀ ਮਜਬੂਤ ਹੈ ?"

ਤਾਂ ਲਾਲ ਸਿੰਘ ਨੇ ਕਿਹਾ,

"ਪਾਤਸ਼ਾਹ ਕਈ ਧਾਤੂਆਂ ਨਾਲ ਇਸ ਢਾਲ ਨੂੰ ਬਣਾਇਆ ਹੈ, ਕੋਈ ਹਥਿਆਰ ਇਸ ਨੂੰ ਤੋੜ ਨਹੀਂ ਸਕਦਾ।"

ਗੁਰੂ ਗੋਬਿੰਦ ਸਿੰਘ ਜੀ ਨੇ ਮੁਸਕਰਾ ਕੇ ਕਿਹਾ,

"ਕੀ ਇਹ ਗੋਲੀ ਮਾਰਨ ਤੇ ਵੀ ਨਹੀਂ ਟੁੱਟੇਗੀ।"

ਲਾਲ ਸਿੰਘ ਕਿਹਾ,

"ਪਾਤਸ਼ਾਹ ਆਪ ਮਾਰ ਕੇ ਵੇਖ ਲਵੋ, ਇਸ ਢਾਲ ਨੂੰ ਮੈਂ ਬਹੁਤ ਮਿਹਨਤ ਨਾਲ ਬਣਾਇਆ ਹੈ, ਗੋਲੀ ਇਸ ਦਾ ਕੁਝ ਨਹੀਂ ਵਿਗਾੜ ਸਕਦੀ।"

ਹੋਰ ਸਿਖਾਂ ਨੇ ਵੀ ਢਾਲ ਦੀ ਸਿਫਤ ਕੀਤੀ। ਲਾਲ ਸਿੰਘ ਢਾਲ ਦੀਆਂ ਸਿਫ਼ਤਾਂ ਸੁਣ ਮਾਣ ਮਹਿਸੂਸ ਕਰਨ ਲੱਗਾ। ਸ੍ਰੀ ਗੁਰੂ ਜੀ ਨੇ ਕਿਹਾ,

"ਚੰਗਾ ਫਿਰ ਲਾਲ ਸਿੰਘ ਕੱਲ੍ਹ ਨੂੰ ਤੇਰੀ ਢਾਲ ਦੀ ਪਰਖ ਕਰਾਂਗੇ।"

ਗੁਰੂ ਜੀ ਦੇ ਬਚਨ ਸੁਣ ਲਾਲ ਸਿੰਘ ਇੱਕ ਵਾਰੀ ਤਾਂ ਖੁਸ਼ ਹੋਇਆ ਪਰ ਫਿਰ ਉਸ ਦੇ ਮਨ ਵਿੱਚ ਆਇਆ ਜੇ ਦੀਨ ਦੁਨੀਆਂ ਦੇ ਮਾਲਕ ਮਹਾਨ ਯੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੋਲੀ ਚਲਾਉਣਗੇ ਤਾਂ ਮੇਰੀ ਢਾਲ ਉਸ ਨੂੰ ਰੋਕ ਨਹੀਂ ਸਕੇਗੀ। ਹੰਕਾਰ ਵਿਚ ਮਾਰੀ ਫੜ ਦਾ ਲਾਲ ਸਿੰਘ ਨੂੰ ਅਫ਼ਸੋਸ ਹੋਇਆ। ਘਰ ਜਾ ਕੇ ਆਪਣੀ ਪਤਨੀ ਨੂੰ ਦਰਬਾਰ ਦੀ ਸਾਰੀ ਗੱਲ ਦੱਸੀ। ਭਾਈ ਲਾਲ ਸਿੰਘ ਦੀ ਪਤਨੀ ਨੇ ਕਿਹਾ,

"ਜੇ ਹੁਣ ਕੋਈ ਸਾਡੀ ਲਾਜ ਰੱਖ ਸਕਦਾ ਹੈ ਤਾਂ ਉਹ ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। ਇਸ ਲਈ ਉਹਨਾਂ ਦੇ ਚਰਨਾਂ ਵਿੱਚ ਅਰਦਾਸ ਕੀਤੀ ਜਾਵੇ।"

ਦੋਵਾਂ, ਪਤੀ ਪਤਨੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ।

ਅਗਲੇ ਦਿਨ ਜਦੋਂ ਦਰਬਾਰ ਲੱਗਾ ਤਾਂ ਸ੍ਰੀ ਗੁਰੂ ਜੀ ਨੇ ਕਿਹਾ,

"ਲਿਆ, ਲਾਲ ਸਿੰਘ ਆਪਣੀ ਢਾਲ ਅਤੇ ਨਿਸ਼ਾਨੇ ਦੇ ਸਾਹਮਣੇ ਖੜਾ ਹੋ ਜਾਹ।"

ਭਾਈ ਲਾਲ ਸਿੰਘ ਡਰਦਾ-ਡਰਦਾ ਢਾਲ ਲੈ ਕੇ ਗੁਰੂ ਜੀ ਦੇ ਸਾਹਮਣੇ ਖੜ੍ਹਾ ਹੋ ਗਿਆ ਤੇ ਢਾਲ ਦੇ ਪਿੱਛੇ ਅਰਦਾਸ ਕਰਨ ਲੱਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੱਥ ਬੰਦੂਕ ਫੜ ਕੇ ਤਿੰਨ ਵਾਰੀ ਢਾਲ ਦਾ ਨਿਸ਼ਾਨਾ ਲਿਆ ਪਰ ਗੋਲੀ ਨਹੀਂ ਚਲਾਈ। ਬੰਦੂਕ ਪਰੇ ਰੱਖ ਕਿਹਾ,

"ਲਾਲ ਸਿੰਘ ਤੇਰੀ ਢਾਲ ਤੇ ਆਦਿ ਸਤਿਗੁਰੂ ਸਾਹਿਬਾਨ ਆਪ ਹੱਥ ਰੱਖ ਖੜ੍ਹੇ ਹਨ, ਅਸੀਂ ਗੋਲੀ ਨਹੀਂ ਚਲਾ ਸਕਦੇ"।


ਭਾਈ ਲਾਲ ਸਿੰਘ ਨੇ ਕਿਹਾ,

"ਪਾਤਸ਼ਾਹ ਮੇਰੇ ਕੋਲੋਂ ਗਲਤੀ ਹੋ ਗਈ ਮੈਂ ਹੰਕਾਰ ਵਿਚ ਫੜ੍ਹ ਮਾਰ ਬੈਠਾ, ਆਪ ਜੀ ਕਿਰਪਾ ਕਰੋ ਮੇਰੀ ਗਲਤੀ ਨੂੰ ਬਖਸ਼ ਦਿਓ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਸਕਰਾ ਕੇ ਕਿਹਾ, "ਲਾਲ ਸਿੰਘ ਤੇਰੀ ਅਰਦਾਸ ਨੇ ਤੈਨੂੰ ਬਚਾ ਲਿਆ ਹੈ।"

ਸ੍ਰੀ ਸਤਿਗੁਰੂ ਜੀ ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)
ਦੀ ਸੰਪਾਦਿਤ ਪੁਸਤਕ 'ਮਹਿਮਾ ਸਤਿਗੁਰਾਂ ਦੀ' ਰੀਲੀਜ ਕਰਨ ਦੀ ਕਿਰਪਾ ਕਰਦੇ ਹੋਏ।

25 ਜਨਵਰੀ 2024



ਸ੍ਰੀ ਸਤਿਗੁਰੂ ਜੀ ਦੇ ਨਾਲ ਬੁਲਗਾਰੀਆ ਫਾਰਮ ਵਿਖੇ
ਹਰਪਾਲ ਸਿੰਘ ਸੋਧੀ ਦੀ ਯਾਦਗਾਰੀ ਤਸਵੀਰ ਮਈ 2013



Date of Publication: 6 June 2024,
Date of Posting: 8 June 2024

RNI NO.55658/93
LDM/008/2021-2023

SPS HOSPITALS
A UNIT OF SJS HEALTHCARE LTD.

*Rishta zindagi se*




*24X7 EMERGENCY & PHARMACY*

LUDHIANA - **82 83 83 83 92**  SIRSA - **75 04 61 23 45**

**SATGURU PARTAP SINGH HOSPITALS**

Sherpur Chowk, G.T. Road, Ludhiana-141003
+91-161-6617111/222/333/444/555

**SPS HOSPITAL :** Near Sagwan Chowk, Dabwali Road, Sirsa
+91-01666-223215, 88720 27303

**Printed and Published by Mr. Harvendra Singh Hanspal on behalf of Namdhari Darbar.**
**Printed at Summit advertising press, 2DLF (Part), Moti Nagar, New Delhi**
**and Published from Namdhari Gurdwara, ramesh Nagar, New delhi- 110015.**